

FARM AND SPICE
Open 7 Days a Week
8.30 am to 9.00 pm
SPECIAL OFFERS : 02 - 08 Sep
Daily Specials on
ਤਰਬੂਜ਼
Watermelon
Large
79 ¢ /lb
ਪੱਤਾ ਗੋਭੀ
Cabbage
89 ¢ /lb
ਸੇਬ ਫੂਜੀ
Apple fuji
99 ¢ /lb
ਟਮਾਟਰ
Tomato
89 ¢ /lb
ਬੈਂਗਣ ਜੰਬੋ
Egg Plant
Jumbo
$1.99 each
ਹਨੀ ਡੀਊ
Honey
Dew
$3.49 each
ਬੀਨਜ਼
Beans
$1.99 /lb
ਬਦਾਮ
Almonds
Premium
Quality
$4.99 /lb
70g
$4.79 each
ਮਖਾਣਾ
Crispeez
flavoured makhana
assorted
ਹੀਰ ਵੇਸ਼ਣ
Shan Pickles
Mango/Chilli/Mixed Pickle
Lemon/Hyderabidi Mix
1kg
$3.99 each
ਮੋਠ ਬਲਕ
Moth Bulk
$1.49 /lb
ਹੈਲੋ ਜੀ ਰੱਸ
Hello ji
Saunf Elaichi &
Milk Rusk
600g
$3.99 each
A+PLUS
PRODUCTS
FROM PUNJAB
HAS ARRIVED
ਖਜੂਰ
Pitted
Dates
850g
$5.99 each
ਸੌਰਭੀ ਐਸਾਰਟਿਡ ਆਟਾ
Saurbhi/ Flour
Makki Atta/Besan
4lb
$3.99 each
ਏ+ਪਲਸ ਆਟਾ
A+Plus
Chakki Atta
10kg
$12.99 each
ਬਾਸਮਤੀ ਚਾਵਲ
India
at Home
Basmati Rice
8lb
$7.99 each
ਹੀਰ ਕਣਕ ਆਟਾ
Heer
Chakki Atta
20lb
$11.99 each
ਹੀਰ ਚਪਾਤੀ ਆਟਾ
Heer
Whole Grain Atta
20lb
$11.99 each
PUNJABI FLAVOURED
KULFI ALSO
AVAILABLE
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last
Curbside pick up available

# G.N. SIKH

GURU NANAK SIKH GURDWARA

# PRE - SCHOOL




## SEPT. 2nd 2022

3:30 PM - 5:30 PM

JOIN US FOR SNACKS ,
SPEECHES AND FACILITY TOUR

## MEET AND GREET WITH STAFF

FOR MORE INFO : 778 -786- 6000

Email: preschool@gnsg.ca

7050 120th ST, SURREY BC CANADA V3W 3M8

# ਪੰਜਾਬ ’ਚ ਮਾਸਟਰ ਪਲਾਨ ’ਤੇ ਕੰਮ ਕਰ ਰਹੀ ਭਾਜਪਾ, ਨਾਂ ਦਿੱਤਾ ‘ਵਿਜ਼ਨ ਪੰਜਾਬ’

ਚੰਡੀਗੜ੍ਹ- ਸ਼੍ਰੋਮਣੀ ਅਕਾਲੀ ਦਲ ਦੇ ਪਰਛਾਵੇਂ ਤੋਂ ਬਾਹਰ ਆ ਕੇ ਪੂਰੇ ਪੰਜਾਬ ਵਿਚ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕਸਭਾ ਚੋਣਾਂ ’ਤੇ ਫੋਕਸ ਕਰਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਦੇ ਟੀਚੇ ’ਤੇ ਪੂਰੀ ਗੰਭੀਰਤਾ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਜ਼ਮੀਨੀ ਪੱਧਰ ’ਤੇ ਕੰਮ ਚੱਲ ਰਿਹਾ ਹੈ। ਭਾਜਪਾ ਨੇ ਆਪਣੇ ਮਾਸਟਰ ਪਲਾਨ ਪੰਜਾਬ ਮਿਸ਼ਨ ਦਾ ਨਾਮ ‘ਵਿਜ਼ਨ ਪੰਜਾਬ’ ਰੱਖਿਆ ਹੈ। ਉਹ ਸਿੱਖਾਂ ਅਤੇ ਪੰਜਾਬੀਆਂ ਦੇ ਦਿਲ ਜਿੱਤਣ ਲਈ ਬੂਥ ਜਿੱਤਣ ਦੀ ਰਣਨੀਤੀ ’ਤੇ ਚੱਲ ਰਹੀ ਹੈ। ਭਾਜਪਾ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿਊ ਚੰਡੀਗੜ੍ਹ ਫੇਰੀ ਦੌਰਾਨ ਉਨ੍ਹਾਂ ਪੰਜਾਬ ਦੇ 22 ਪਾਰਟੀ ਆਗੂਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਸੀ। ਇਸ ਵਿਚ 2024 ਦੀਆਂ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ, ਇਸ ਦੀ ਰੂਪ-ਰੇਖਾ ਆਦਿ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।

## ਭਾਰਤੀਆਂ ਨੇ ਅਪਣਾ ਡਾਲਰ ਖ਼ਰਚ ਵਧਾਇਆ 6 ਅਰਬ ਡਾਲਰ ਭੇਜੇ ਵਿਦੇਸ਼

ਨਵੀਂ ਦਿੱਲੀ:ਭਾਰਤੀਆਂ ਨੇ ਅੰਤਰਰਾਸ਼ਟਰੀ ਯਾਤਰਾ, ਨਜ਼ਦੀਕੀ ਰਿਸ਼ਤੇਦਾਰਾਂ ਅਤੇ ਤੋਹਫ਼ਿਆਂ ‘ਤੇ ਖ਼ਰਚ ਕਰਨਾ ਵਧਾ ਦਿੱਤਾ ਹੈ। ਭਾਰਤੀਆਂ ਨੇ ਰਿਜ਼ਰਵ ਬੈਂਕ ਦੀ ਉਦਾਰੀਕਰਨ ਰੈਮਿਟੈਂਸ ਸਕੀਮ ਐੱਲ.ਆਰ.ਐੱਸ. ਦੇ ਅਧੀਨ ਵਿੱਤੀ ਸਾਲ 23 ਦੀ ਪਹਿਲੀ ਤਿਮਾਹੀ ਵਿਚ ਹੀ ਵਿਦੇਸ਼ ਵਿਚ ਪੈਸੇ ਭੇਜਣ ਦੀਆਂ ਗਤੀਵਿਧੀਆਂ ਨੇ ਜ਼ੋਰ ਫੜ ਲਿਆ ਹੈ। ਆਰ.ਬੀ.ਆਈ. ਵੱਲੋਂ ਜਾਰੀ ਕੀਤੀ ਅੰਕੜਿਆਂ ਤੋਂ ਜਾਣਕਾਰੀ ਮਿਲਦੀ ਹੈ ਕਿ ਇਸ ਯੋਜਨਾ ਅਧੀਨ ਭਾਰਤੀਆਂ ਦੇ ਵਿਦੇਸ਼ ਧਨ ਭੇਜਣ ਵਾਲੀ ਰਾਸ਼ੀ ਵਿਚ 64.75 ਫ਼ੀਸਦੀ ਵਾਧਾ ਹੋਇਆ ਹੈ ਅਤੇ ਇਹ ਇਹ ਵਿੱਤੀ ਸਾਲ 22 ਦੀ ਪਹਿਲੀ ਤਿਮਾਹੀ ਦੇ 3.67 ਅਰਬ ਡਾਲਰ ਦੀ ਤੁਲਨਾ ‘ਚ ਵਧ ਕੇ 6.04 ਅਰਬ ਡਾਲਰ ਤੋਂ ਉੱਪਰ ਹੋ ਗਿਆ ਹੈ।ਵਿੱਤੀ ਸਾਲ 23 ਵਿਚ ਪਹਿਲੀ ਤਿਮਾਹੀ ਨੂੰ ਬਾਹਰ ਭੇਜਿਆ ਗਿਆ ਧਨ ਵਿੱਤੀ ਸਾਲ 22 ਦੀ ਚੌਥੀ ਤਿਮਾਹੀ ਦੀ ਤੁਲਨਾ ਵਿਚ ਵੀ ਵੱਧ ਹੈ। ਉਸ ਸਮੇਂ ਐੱਲ.ਆਰ.ਐੱਸ ਦੇ ਤਹਿਤ 5.80 ਅਰਬ ਡਾਲਰ ਭੇਜੇ ਗਏ ਸਨ। ਆਰ.ਬੀ. ਆਈ. ਦੇ ਅਗਸਤ ਦੇ ਅੰਕੜਿਆਂ ਤੋਂ ਤਾ ਲੱਗਦਾ ਹੈ ਕਿ ਅਪ੍ਰੈਲ ਅਤੇ ਮਈ ਮਹੀਨੇ ਵਿਚ 2.03 ਅਰਬ ਡਾਲਰ ਅਤੇ ਜੂਨ ਵਿਚ 1.98 ਅਰਬ ਡਾਲਰ ਵਿਦੇਸ਼ ਭੇਜੇ ਗਏ ਸਨ।

## ਅਮਰੀਕੀ ਡਾਲਰ ਦੇ ਮੁਕਾਬਲੇ ਭਾਰਤੀ ਰੁਪਇਆ 31 ਪੈਸੇ ਡਿੱਗਿਆ

ਨਵੀਂ ਦਿੱਲੀ,- ਅਮਰੀਕੀ ਡਾਲਰ ਦੇ ਮੁਕਾਬਲੇ ਅੱਜ ਭਾਰਤ ਦਾ ਰੁਪਇਆ ਹੇਠਾਂ ਡਿੱਗ ਗਿਆ। ਹਫਤੇ ਦੇ ਪਹਿਲੇ ਦਿਨ ਮਾਰਕੀਟ ਖੁੱਲ੍ਹਣ ’ਤੇ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ 80.10 ਦਰਜ ਕੀਤੀ ਗਈ, ਜੋ ਬਾਅਦ ਵਿਚ 80.15 ’ਤੇ ਦਰਜ ਕੀਤੀ ਗਈ। ਭਾਰਤੀ ਰੁਪਇਆ ਅਮਰੀਕੀ ਕਰੰਸੀ ਦੀ ਮਜ਼ਬੂਤੀ ਤੇ ਤੇਲ ਕੀਮਤਾਂ ਕਾਰਨ ਡਿੱਗਿਆ।ਮਾਹਿਰਾਂ ਨੇ ਦੱਸਿਆ ਕਿ ਫੈਡਰਲ ਰਿਜ਼ਰਵ ਬੈਂਕ ਦੇ ਚੇਅਰਮੈਨ ਜੈਰੋਮ ਪਾਵੈਲ ਨੇ ਮੁਦਰਾ ਸਫੀਤੀ ਦੀ ਦਰ ਘਟਾਉਣ ਲਈ ਕਾਰਗਰ ਨੀਤੀ ਲਿਆਉਣ ਦਾ ਦਾਅਵਾ ਕੀਤਾ ਹੈ, ਜਿਸ ਕਾਰਨ ਅਮਰੀਕੀ ਡਾਲਰ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ।

# ਐਡਮਿੰਟਨ ’ਚ ਪੰਜਾਬੀ ਨੇ ਜਿੱਤੀ 17 ਮਿਲੀਅਨ ਡਾਲਰ ਦੀ ਲਾਟਰੀ




ਐਡਮਿੰਟਨ: ਬੀਤੇਂ ਦਿਨ ਕੈਨੇਡਾ ਦੇ ਐਡਮਿੰਟਨ ਸ਼ਹਿਰ ਦੇ ਇਕ ਪੰਜਾਬੀ ਪ੍ਰਿਤਪਾਲ ਸਿੰਘ ਚਾਹਲ ਦੀ 17 ਮਿਲੀਅਨ ਡਾਲਰ ਦੀ ਲਾਟਰੀ ਨਿਕਲੀ ਜੋ ਭਾਰਤੀ ਕਰੰਸੀ ਦੇ 100 ਕਰੋੜ ਰੁਪਏ ਦੇ ਕਰੀਬ ਦੀ ਰਕਮ ਬਣਦੀ ਹੈ। ਚਾਹਲ ਨੇ ਇਹ ਲਾਟਰੀ ਜਦੋਂ ਇਕ ਸਥਾਨਕ ਸਟੋਰ ਤੋਂ ਚੈੱਕ ਕਰਵਾਈ, ਜਦੋਂ ਸਟੋਰ ਵਾਲੇ ਨੇ ਸਕੈਨ ਕੀਤੀ, ਤਾਂ ਉਹ 17 ਮਿਲੀਅਨ ਡਾਲਰ ਦਾ ਜੇਤੂ ਬਣ ਗਿਆ। ਚਾਹਲ ਅਨੁਸਾਰ ਉਸ ਨੂੰ ਆਪਣੀਆਂ ਅੱਖਾਂ ’ਤੇ ਵਿਸ਼ਵਾਸ ਨਹੀਂ ਆ ਰਿਹਾ ਸੀ ਅਤੇ ਉਹ ਉਲਝਣ ਵਿਚ ਪੈ ਗਿਆ। ਇਹ ਗੱਲ ਉਸ ਵੱਲੋਂ ਕੈਨੇਡਾ ਲਾਟਰੀ ਕਾਰਪੋਰੇਸ਼ਨ ਡਬਲਯੂ. ਸੀ.ਐੱਲ.ਸੀ. ਦੀ ਇਕ ਨਿਊਜ਼ ਰਿਲੀਜ਼ ਵਿਚ ਕਿਹਾ, ਚਾਹਲ ਨੇ ਕਿਹਾ ਕਿ ਨੰਬਰਾਂ ਦੀ ਪੁਸ਼ਟੀ ਕਰਨ ਲਈ ਮੈਂ ਅੱਠ ਵਾਰ ਟਿਕਟ ਸਕੈਨ ਕੀਤੀ। ਉਸ ਨੇ ਕਿਹਾ ਕਿ ਮੇਰੀ ਇਸ ਜਿੱਤ ਲਈ ਮੇਰੀ ਅਜੇ ਤੱਕ ਕੋਈ ਵੀ ਯੋਜਨਾ ਨਹੀਂ ਹੈ। ਮੈਂ ਇਕ ਸਾਧਾਰਨ ਆਦਮੀ ਹਾਂ, ਮੈਂ ਸ਼ਾਂਤੀ ਨਾਲ ਜਿਊਣਾ ਹੈ ਅਤੇ ਮੇਰੀ ਕੋਈ ਵੀ ਵੱਡੀ ਯੋਜਨਾ ਨਹੀਂ ਹੈ।

Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Malkit Singh Sidhu
D.H.M.S. (Hons.)
drmsidhu2@gmail.com

Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

Charlesworth
insurance services ltd.

Servicing the following insurance needs:
- Homeowners
- Tenants
- Farms
- Travel
- Life
- Condo
- RV's
- Business
- Contractors
- Disability
- Cargo
- Liability
- Auto
- Private Auto
- Marriage Licence Issuer

autoplan

"For Fast, Friendly and Reliable Service!"




Phone:
604-852-2565
Fax: 852-2996

OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM

1A-32465 South Fraser Way, Abbotsford, BC V2T 1X4

www.accuraterailing.com
AccurateRailing & AWNING LTD



* Topline Aluminum Patio Cover
* Car Ports * Insulated Patio Roof
* Gate or SDP Acrylic Patio Roof
* Custom Built Sunroom Enclosures

* Aluminum Picket Railing
* Glass Railing * Aluminum Fences
* Driveway Power or Manual Sliding & Swing Gate
* Window Security Bars

* ਪੈਟੀਊ ਕਵਰ
* ਅਲਮੀਨੀਅਮ ਰੇਲਿੰਗ
* ਗਲਾਸ ਰੇਲਿੰਗ * ਅਲਮੀਨੀਅਮ ਫੈਂਸ
* ਡਰਾਈਵੇਅ ਸਲਾਈਡਿੰਗ ਡੋਰ (ਪਾਵਰ ਜਾਂ ਮੈਨੂਅਲ)
* ਵਿੰਡੋ ਸਿਕਉਰਟੀ ਬਾਰ

For more information call:
Avtar S. Devgan or Jagtar S. Devgan
Ph: 604-596-6512
Cell: 604-866-1432 * Cell: 604-961-8767
Unit # 126, 130 - 12639 - 80th Avenue, Surrey

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ

Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures
All kinds of Signs and Decals

ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਇਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ

ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਬੁਲਬੁਲ ਦੇ ਖੰਭਾਂ 'ਤੇ ਉੱਡਣ ਲੱਗਾ ਭਾਰਤ

*ਰਵੀਸ਼ ਕੁਮਾਰ

2021 ਵਿੱਚ 42,000 ਤੋਂ ਵੱਧ ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ ਹੈ। ਜਿਸ ਸਾਲ ਮੁਫਤ ਅਨਾਜ ਵੰਡਿਆ ਜਾ ਰਿਹਾ ਸੀ, ਉਸ ਸਾਲ 42000 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ। ਰੋਜ਼ਾਨਾ ਸੌ ਤੋਂ ਵੱਧ ਦਿਹਾੜੀਦਾਰ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਗੋਦੀ ਮੀਡੀਆ ਦੇ ਯੁੱਗ ਵਿੱਚ ਅਜਿਹੀਆਂ ਖਬਰਾਂ ,ਸੂਚਨਾਵਾਂ ਵੀ ਨਿੱਤ ਖੁਦਕੁਸ਼ੀਆਂ ਕਰ ਰਹੀਆਂ ਹਨ, ਜਿਸ ਨਾਲ ਸਮਾਜ ਬੇਪਰਵਾਹ ਹੋ ਕੇ ਝੂਠ ਨੂੰ ਸੱਚ ਮੰਨ ਲੈਂਦਾ ਹੈ। 2020 ਦਾ ਝੂਠ, 2021 ਦਾ ਝੂਠ ਬਹੁਤ ਭਾਰਾ ਹੋਵੇਗਾ, ਜਿੰਨਾ ਤੁਸੀਂ ਛੁਪਾਓਗੇ, ਇਹ ਸਾਹਮਣੇ ਆਉਂਦਾ ਰਹੇਗਾ।

ਸਾਲ 2020 ਵਿੱਚ, ਇੱਕ ਬਹੁਤ ਵੱਡਾ ਫੈਸਲਾ ਲਿਆ ਗਿਆ ਕਿ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਸ਼ੁਰੂ ਕੀਤੀ ਜਾ ਰਹੀ ਹੈ। 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਦਿੱਤਾ ਜਾਵੇਗਾ। ਇਸ ਤੋਂ ਬਾਅਦ ਵੀ ਸਾਲ 2020 ਵਿੱਚ 37,666 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ ਹੈ। ਅਗਲੇ ਸਾਲ 42004 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ। ਦੋ ਸਾਲਾਂ ਦੇ ਅੰਦਰ, 80,000 ਤੋਂ ਵੱਧ ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ। ਹਰੀਕਿਸ਼ਨ ਸ਼ਰਮਾ ਦੀ ਇਹ ਖਬਰ ਇੰਡੀਅਨ ਐਕਸਪ੍ਰੈਸ ਵਿੱਚ ਕਦੋਂ ਛਪੀ ਹੋਵੇਗੀ, ਪਤਾ ਨਹੀਂ। ਅਸੀਂ ਸੱਚਮੁੱਚ ਜਾਣਨਾ ਚਾਹੁੰਦੇ ਹਾਂ ਕਿ 97 ਕਰੋੜ ਲੋਕਾਂ ਕੋਲ ਸਮਾਰਟ ਫ਼ੋਨ ਹਨ। ਕੀ ਇਨ੍ਹਾਂ ਵਿੱਚੋਂ ਗਰੀਬ ਇਹ ਖ਼ਬਰ ਪੜ੍ਹ ਸਕਣਗੇ ਕਿ ਦੋ ਸਾਲਾਂ ਵਿੱਚ 80,000 ਦਿਹਾੜੀਦਾਰ ਮਜ਼ਦੂਰਾਂ ਨੇ ਖੁਦਕੁਸ਼ੀ ਕਰ ਲਈ ਹੈ। ਕੀ ਤੁਸੀਂ ਦੇਖ ਸਕਦੇ ਹੋ ਕਿ ਦਿਹਾੜੀਦਾਰ ਮਜ਼ਦੂਰ ਕਿੰਨੇ ਟੁੱਟ ਗਏ ਹੋਣਗੇ, ਮੁਫਤ ਅਨਾਜ ਦੇ ਬਾਵਜੂਦ ਉਨ੍ਹਾਂ ਦੀ ਹਾਲਤ ਕਿੰਨੀ ਵਿਗੜ ਗਈ ਹੋਵੇਗੀ, ਉਨ੍ਹਾਂ ਨੇ ਖੁਦਕੁਸ਼ੀ ਦਾ ਰਾਹ ਚੁਣਿਆ ਹੋਵੇਗਾ।ਇਹ ਸਰਕਾਰੀ ਅੰਕੜਾ ਹੈ ਜਦੋਂ ਕਿ ਗੈਰ ਸਰਕਾਰੀ ਅੰਕੜੇ ਤਾਂ ਕਿਤੇ ਪਏ ਹੋਣਗੇ।

ਨੈਸ਼ਨਲ ਕ੍ਰਾਈਮ ਬ੍ਰਾਂਚ ਬਿਊਰੋ ਦੇ ਅੰਕੜਿਆਂ ਅਨੁਸਾਰ ਖੁਦਕੁਸ਼ੀਆਂ ਦੀ ਗਿਣਤੀ ਵੀ ਵਧ ਰਹੀ ਹੈ। ਇਸ ਵਿਚੋਂ ਦਿਹਾੜੀਦਾਰ ਮਜ਼ਦੂਰਾਂ ਦਾ ਹਿੱਸਾ ਲਗਾਤਾਰ ਵਧ ਰਿਹਾ ਹੈ। ਜ਼ਿਆਦਾਤਰ ਦਿਹਾੜੀਦਾਰ ਮਜ਼ਦੂਰ ਖੁਦਕੁਸ਼ੀਆਂ ਕਰ ਰਹੇ ਹਨ। ਦੇਸ਼ ਵਿੱਚ ਸਭ ਤੋਂ ਵੱਧ ਖੁਦਕੁਸ਼ੀ ਦੇ ਮਾਮਲੇ ਮਹਾਰਾਸ਼ਟਰ ਵਿੱਚ ਦਰਜ ਕੀਤੇ ਗਏ ਹਨ।

ਸਰਕਾਰ ਹਮੇਸ਼ਾ ਆਰਥਿਕਤਾ ਦੀ ਅਸਲੀਅਤ ਨੂੰ ਨਕਾਰਦੀ ਹੈ। ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਵਿੱਚ ਮੰਦੀ ਦੀ ਕੋਈ ਸੰਭਾਵਨਾ ਨਹੀਂ ਹੈ। ਮੰਤਰੀ ਵੱਖ-ਵੱਖ ਟੀਚਿਆਂ ਦੇ ਸੁਪਨੇ ਦਿਖਾਉਂਦੇ ਰਹਿੰਦੇ ਹਨ ਕਿ ਅਗਲੇ ਤੀਹ ਸਾਲਾਂ ਵਿੱਚ 30 ਖਰਬ ਦੀ ਅਰਥਵਿਵਸਥਾ ਹੋਣ ਵਾਲੀ ਹੈ। ਇੱਕ ਮਹੀਨੇ ਤੋਂ ਅਖਬਾਰਾਂ ਵਿੱਚ ਇਹ ਗੱਲ ਛਪੀ ਹੈ ਕਿ ਅਰਥ ਸ਼ਾਸਤਰੀ 31 ਅਗਸਤ ਨੂੰ ਆਉਣ ਵਾਲੇ ਜੀਡੀਪੀ ਦੇ ਅੰਕੜੇ 15.2 ਫੀਸਦੀ ਰਹਿਣ ਦੀ ਉਮੀਦ ਕਰ ਰਹੇ ਹਨ। ਦੋਹਰੇ ਅੰਕ ਦੀ ਵਿਕਾਸ ਦਰ ਹਾਸਲ ਕੀਤੀ ਜਾ ਰਹੀ ਹੈ। ਰਿਜ਼ਰਵ ਬੈਂਕ ਦੇ ਅੰਕੜੇ ਅਜੇ ਨਹੀਂ ਆਏ, ਪਰ ਹਿੰਦੀ ਤੋਂ ਅੰਗਰੇਜ਼ੀ ਤੱਕ ਦੇ ਸਾਰੇ ਅਖਬਾਰਾਂ ਵਿੱਚ ਖਬਰਾਂ ਆਉਣ ਲੱਗ ਪਈਆਂ ਹਨ ਕਿ ਅਰਥਵਿਵਸਥਾ ਮੁੜ ਲੀਹ 'ਤੇ ਆ ਗਈ ਹੈ, ਜੀਡੀਪੀ ਦੀ ਦਰ 15 ਫੀਸਦੀ ਤੋਂ ਵੱਧ ਹੋਵੇਗੀ। ਕੋਈ ਨਾ ਕੋਈ ਅਰਥ ਸ਼ਾਸਤਰੀਆਂ ਦੇ ਹੱਕ ਵਿਚ ਵੋਟ ਪਾ ਰਿਹਾ ਹੈ।

ਅਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ ਕਿ ਭਾਰਤ ਦੀ ਅਰਥਵਿਵਸਥਾ ਦੇ ਵਿਕਾਸ ਦੀ ਰਫ਼ਤਾਰ ਦੁਨੀਆਂ ਵਿੱਚ ਸਭ ਤੋਂ ਵੱਧ ਹੈ। 12 ਤੋਂ 15 ਪ੍ਰਤੀਸ਼ਤ ਦੇ ਪ੍ਰਚਾਰ ਬਾਰੇ ਅਜਿਹਾ ਨਹੀਂ ਹੈ ਕਿ ਇਸ ਬਾਰੇ ਛਪਿਆ ਨਹੀਂ ਹੈ, ਪਰ ਇਹ ਕਿਤੇ ਨਾ ਕਿਤੇ ਛਪ ਜਾਂਦਾ ਹੈ। ਹੁਣ ਪੱਤਰਕਾਰ ਵਿਵੇਕ ਕੌਲ ਦੇ ਇਸ ਵਿਸ਼ਲੇਸ਼ਣ 'ਤੇ ਇੱਕ ਨਜ਼ਰ ਮਾਰੋ ਜੋ ਡੇਕਨ ਹੈਰਾਲਡ ਵਿੱਚ ਛਪਿਆ ਹੈ। ਇਸ ਦਾ ਸਿਰਲੇਖ 15 ਫੀਸਦੀ ਦੀ ਆਰਥਿਕ ਵਿਕਾਸ ਦਰ ਤੋਂ ਸੁਚੇਤ ਰਹਿਣਾ ਹੈ। ਵਿਵੇਕ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸੰਦੇਸ਼ ਨੇ ਹਲਚਲ ਮਚਾ ਦਿੱਤੀ ਹੈ ਕਿ ਜੀਡੀਪੀ ਦੀ ਦਰ 15.2 ਫੀਸਦੀ ਹੋ ਗਈ ਹੈ। ਆਰਥਿਕ ਪੱਤਰਕਾਰ ਵਿਵੇਕ ਪਹਿਲਾਂ ਹੀ ਚੇਤਾਵਨੀ ਦੇ ਚੁੱਕੇ ਹਨ ਕਿ ਅਪ੍ਰੈਲ ਤੋਂ ਜੂਨ 2021 ਦਰਮਿਆਨ ਭਾਰਤ ਦੀ ਜੀਡੀਪੀ 32.46 ਲੱਖ ਕਰੋੜ ਕਰੋੜ ਸੀ, ਜਦੋਂ ਕਿ ਅਪ੍ਰੈਲ ਤੋਂ ਜੂਨ 2019 ਦੀ ਜੀਡੀਪੀ 35.49 ਲੱਖ ਕਰੋੜ ਸੀ। ਇਸ ਤਰ੍ਹਾਂ ਅਪ੍ਰੈਲ ਤੋਂ ਜੂਨ 2021 ਤੱਕ ਜੀਡੀਪੀ ਘਟੀ ਹੈ। ਅਪ੍ਰੈਲ ਤੋਂ ਜੂਨ 2022 ਦੇ ਵਿਚਕਾਰ, ਜੇ ਜੀਡੀਪੀ ਦੀ ਦਰ 15 ਪ੍ਰਤੀਸ਼ਤ ਤੋਂ ਵੱਧ ਹੈ, ਤਾਂ ਇਸਦਾ ਮਤਲਬ ਹੈ ਕਿ ਜੀਡੀਪੀ 37.4 ਲੱਖ ਕਰੋੜ ਰੁਪਏ ਹੋਵੇਗੀ। ਇਸ ਮੁਤਾਬਕ ਅਪ੍ਰੈਲ ਤੋਂ ਜੂਨ 2019 ਤੋਂ ਅਪ੍ਰੈਲ ਤੋਂ ਜੂਨ 2022 ਦਰਮਿਆਨ ਜੀਡੀਪੀ ਦੀ ਦਰ 1.76 ਫੀਸਦੀ ਹੈ। ਮੀਡੀਆ 1.76 ਫੀਸਦੀ ਦੀ ਜੀਡੀਪੀ ਦਰ ਨੂੰ 15.2 ਫੀਸਦੀ ਦਰਸਾਏਗਾ।

ਹਿੰਦੀ ਦੀਆਂ ਅਖਬਾਰਾਂ 'ਤੇ ਨਜ਼ਰ ਮਾਰੀਏ ਤਾਂ ਉਨ੍ਹਾਂ 'ਚ 12 ਜਾਂ 15 ਫੀਸਦੀ ਦਾ ਹੀ ਵਾਧਾ ਹੋ ਰਿਹਾ ਹੈ ਪਰ ਵਿਵੇਕ ਕੌਲ ਨੇ ਵਿਸ਼ਲੇਸ਼ਣ ਕੀਤਾ ਹੈ ਕਿ ਇਹ ਵਾਧਾ ਦੋ ਫੀਸਦੀ ਤੋਂ ਵੀ ਘੱਟ ਹੈ।ਗੋਦੀ ਮੀਡੀਆ ਲੋਕਾਂ ਨੂੰ ਭੰਬਲਭੂਸੇ ਵਿੱਚ ਰੱਖ ਰਿਹਾ ਹੈ।ਇੱਕ ਦੋ ਪੱਤਰਕਾਰ ਵਿਵੇਕ ਕੌਲ ਵਾਂਗ ਲਿਖ ਰਹੇ ਹਨ, ਪਰ ਉਨ੍ਹਾਂ ਦੇ ਸ਼ਬਦਾਂ ਨੂੰ ਵਟਸਐਪ ਗਰੁੱਪ ਵਿੱਚ ਸਾਂਝਾ ਨਹੀਂ ਕੀਤਾ ਜਾਵੇਗਾ ਸਗੋਂ ਰੋਕਿਆ ਜਾਂਦਾ ਹੈ।

ਤੁਸੀਂ ਵਿਵੇਕ ਕਾਲ ਦਾ ਇਹ ਲੇਖ ਵਟਸਐਪ ਗਰੁੱਪ ਵਿੱਚ ਸ਼ੇਅਰ ਹੁੰਦਾ ਨਹੀਂ ਦੇਖਿਆ ਹੋਵੇਗਾ ਕਿ 15 ਫੀਸਦੀ ਜੀ.ਡੀ.ਪੀ. ਦੀ ਦਰ ਸੱਚ ਨਹੀਂ ਹੈ, ਇਹ





2 ਫੀਸਦੀ ਤੋਂ ਘੱਟ ਹੈ, ਇੱਕ ਤਰ੍ਹਾਂ ਨਾਲ ਲੋਕਾਂ ਨੂੰ ਝੂਠ ਦੇ ਪਿੰਜਰੇ ਵਿੱਚ ਕੈਦ ਕੀਤਾ ਗਿਆ ਹੈ।ਰੋਹਿਤ ਨੇ ਇੱਕ ਗੀਤ ਅਤੇ ਇੱਕ ਕਾਰਟੂਨ ਤਿਆਰ ਕੀਤਾ ਹੈ ਤਾਂ ਜੋ ਤੁਸੀਂ ਸਮਝ ਸਕੋ ਕਿ ਕਿਵੇਂ ਵਟਸਐਪ ਗਰੁੱਪ ਨੂੰ ਕੰਟਰੋਲ ਕੀਤਾ ਜਾ ਰਿਹਾ ਹੈ ਤਾਂ ਜੋ ਸੱਚਾਈ ਆਮ ਲੋਕਾਂ ਤੱਕ ਨਾ ਪਹੁੰਚ ਸਕੇ। ਜੀਡੀਪੀ ਦਾ ਅਰਥ ਝੂਠੀ ਉਤਪਾਦਕਤਾ ਦਰ ਹੈ। ਜੇਕਰ ਭਾਰਤ ਇੰਨਾ ਤਰੱਕੀ ਕਰ ਰਿਹਾ ਹੁੰਦਾ ਤਾਂ ਇੱਕ ਸਾਲ ਵਿੱਚ 42 ਹਜ਼ਾਰ ਦਿਹਾੜੀਦਾਰ ਮਜ਼ਦੂਰ ਖੁਦਕੁਸ਼ੀਆਂ ਨਾ ਕਰਦੇ।

ਗੋਦੀ ਮੀਡੀਆ ਅਤੇ ਵਟਸ ਐਪ ਗਰੁੱਪ ਨੇ ਲੋਕਾਂ ਦੀ

(ਬਾਕੀ ਸਫਾ ਬੀ9 ਤੇ)

BHARTI ART JEWELLERS
WORLD CLASS IMPORTS OF GOLD AND DIAMOND JEWELLERY
ਪਿਛਲੇ 40 ਸਾਲਾਂ ਤੋਂ ਵੈਨਕੂਵਰ ਵਿਚ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ 'ਭਾਰਤੀ ਆਰਟ ਜਿਊਲਰਜ' ਵਾਲਿਆਂ ਨੇ ਹੁਣ ਸਰੀ ਵਿਚ ਆਪਣੀ ਦੂਜੀ ਲੁਕੇਸ਼ਨ ਖੋਲ੍ਹ ਦਿੱਤੀ ਹੈ
USA ਕਸਟਮਰਜ਼ ਲਈ ਸਪੈਸ਼ਲ ਰੇਟ
42nd Anniversary Celebration




New Location:
346 8140 128th St
(Payal Bus. Centre)
Surrey BC
Ph: 778-565-5000

Flagship Location:
6612 Main St.
Vancouver BC
Ph: 604-327-8711

BhartiJewellers.com

BADH Accounting Services
26 YEARS EXPERIENCE IN ACCOUNTING
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



CANRISE IMMIGRATION
www.canriseimmigration.com
778-565-1717
CANRISE IMMIGRATION
SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ
BCPNP ਬੀ ਸੀ ਪੀ ਐਨ ਪੀ
• New BCPNP program is Open. Get FREE Assessment.
• To bring your relatives or friends in your business contact us.
• Students on Open Work Permit can apply in this program.
ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।
• ਐਲ ਐਮ ਆਈ ਏ / ਵਰਕ ਪਰਮਿਟ
• ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
• ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
• ਬੀ. ਸੀ. ਪੀ. ਐਨ. ਪੀ.
• ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
• ਇਨ-ਹੋਮ ਕੇਅਰਗਿਵਰਜ (ਨੈਨੀ)
• ਸਟੂਡੈਂਟ ਵੀਜ਼ਾ
• LMIA / Work Permit
• PARENTS & GRANDPARENTS SPONSORSHIP
• SPOUSAL SPONSORSHIP (MARRIAGE CASES)
• BCPNP
• In Home Caregivers (Nanny)
• SUPER VISA FOR PARENTS
• Student Visa
OUR SERVICES:
• Visitors Visa / Skilled Workers
• Temporary Workers
• Quebec Immigration
• Family Sponsorship
• Provincial Nominees
• Canadian Experience Class
• Business / Entrepreneurs / Investor Immigration
• Extension Of Temporary Visa
• Restoration Of Status
• Refugee Claims
• Citizenship Application
• Immigration & Investment Programs For Farmers / Businessmen
CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic

UNI GLOBAL IMMIGRATION
Consulting Services Ltd.
Your Dream......Our Passion
For all your Immigration Related Needs:
» Express Entry (PR)
» FSW, FST
» Canadian Experience Class
» LMIA & Work Permit
» PNP
» Spousal (Marriage) Sponsorship
» Business (Investor) Visa
» Study Visa
» Care-giver (Nanny)
» Visitor Visa
» Super Visa
» Citizenship Application
» Refusal Cases
» IEC
We also help employers in hiring temporary foreign workers (TFW). We help employers in each and every step of acquring Temporary Foreign Workers
Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਅਮਰੀਕਾ ਭਾਰਤ ਨੂੰ ਆਪਣਾ ਲਾਜ਼ਮੀ ਭਾਈਵਾਲ ਮੰਨਦਾ ਹੈ:ਵ੍ਹਾਈਟ ਹਾਊਸ

ਵਾਸ਼ਿੰਗਟਨ:ਯੂਕਰੇਨ ਦੇ ਮੁੱਦੇ ’ਤੇ ਭਾਰਤ ਅਤੇ ਅਮਰੀਕਾ ਭਾਵੇਂ ਆਪਣੇ-ਆਪਣੇ ਰਾਸ਼ਟਰੀ ਹਿੱਤਾਂ ਤਹਿਤ ਕੰਮ ਕਰ ਰਹੇ ਹਨ ਪਰ ਅਮਰੀਕਾ ਭਾਰਤ ਨੂੰ ਆਪਣਾ ਜ਼ਰੂਰੀ ਸਾਂਝੇਦਾਰ ਮੰਨਦਾ ਹੈ।

ਅਮਰੀਕੀ ਰਾਸ਼ਟਰਪਤੀ ਦੇ ਨਿਵਾਸ ਅਤੇ ਦਫ਼ਤਰ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੇਨ ਜੀਨ ਪੀਅਰੇ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, ‘‘ਅਸੀਂ ਭਾਰਤੀ ਭਾਈਵਾਲਾਂ ਨੂੰ ਲਾਜ਼ਮੀ ਸਾਂਝੇਦਾਰਾਂ ਵਜੋਂ ਮੰਨਦੇ ਹਾਂ। ਅਮਰੀਕਾ-ਭਾਰਤ ਸਿਆਸੀ ਸਾਂਝੇਦਾਰੀ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਦੁਵੱਲੇ ਵਪਾਰਕ ਸਬੰਧਾਂ ਲਈ ਸਾਡੀ ਸਾਂਝੀ ਵਚਨਬੱਧਤਾ ’ਤੇ ਆਧਾਰਿਤ ਹੈ।’’

ਪ੍ਰੈੱਸ ਸਕੱਤਰ ਯੂਕਰੇਨ ਵਿੱਚ ਰੂਸ ਦੇ ਹਮਲਿਆਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਆਈ ਦੂਰੀ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਦੇ ਰਹੀ ਸੀ। ਉਨ੍ਹਾਂ ਕਿਹਾ, ‘‘ਤੁਸੀਂ ਰਾਸ਼ਟਰਪਤੀ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਕਾਨੂੰਨ ਦਾ ਸ਼ਾਸਨ ਅਤੇ ਮਨੁੱਖੀ ਆਜ਼ਾਦੀ ਅਤੇ ਸਨਮਾਨ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

ਪ੍ਰੈੱਸ ਸਕੱਤਰ ਨੇ ਕਿਹਾ, ‘‘ਸਾਨੂੰ ਆਪਣੇ ਰਿਸ਼ਤਿਆਂ ’ਤੇ ਭਰੋਸਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਅਸੀਂ ਨਿਯਮ ਆਧਾਰਤ ਵਿਵਸਥਾ ਦੀ ਰੱਖਿਆ ਅਤੇ ਸ਼ਾਂਤੀ ਬਹਾਲ ਰੱਖਣ ਲਈ ਹਿੰਦ-ਪ੍ਰਸ਼ਾਂਤ ਸਮੇਤ ਦੁਨੀਆ ਭਰ ਵਿੱਚ ਸਾਡੇ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਦਾ ਮਿਲ ਕੇ ਸਾਹਮਣਾ ਕਰਾਂਗੇ।’’

ਉਨ੍ਹਾਂ ਕਿਹਾ ਕਿ ਅਮਰੀਕਾ ਸਪੱਸ਼ਟ ਰੂਪ ਵਿੱਚ ਯੂਕਰੇਨ ਦੇ ਨਾਲ ਖੜ੍ਹਾ ਹੈ।

# ਕ੍ਰਿਸ਼ਨ ਦੀ ਮੂਰਤੀ ਲੈ ਕੇ ਤਾਜ਼ ਮਹਿਲ ਵਿੱਚ ਜਾਣ ਦਾ ਯਤਨ

ਆਗਰਾ:ਰਾਜਸਥਾਨ ਦੇ ਜੈਪੁਰ ਦੇ ਇੱਕ ਸੈਲਾਨੀ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਕ੍ਰਿਸ਼ਨ ਦੀ ਮੂਰਤੀ ਨਾਲ ਤਾਜ ਮਹਿਲ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਸੀ। ਇਸ ਘਟਨਾ ਦਾ ਪਤਾ ਚਲਦੇ ਹੀ ਹਿੰਦੂ ਸੰਗਠਨ ਸਰਗਰਮ ਹੋ ਗਏ ਹਲ।

ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸੈਲਾਨੀ ਨੂੰ ਰੋਕਣ ਵਾਲਿਆਂ ਵਿਰੁੱਧ ਕਾਰਵਾਈ ਨਾ ਕੀਤੀ ਗਈ ਤਾਂ ਉਹ ਅਧਿਕਾਰੀਆਂ ਦੇ ਖਿਲਾਫ ਪ੍ਰਦਰਸ਼ਨ ਕਰਨਗੇ। ਉਧਰ, ਆਗਰਾ ਸਰਕਲ ਦੇ ਭਾਰਤੀ ਪੁਰਾਤੱਤਵ ਸਰਵੇਖਣ (ਏਐਸਆਈ) ਦੇ ਇੱਕ ਅਧਿਕਾਰੀ ਨੇ ਕਿਹਾ ਕਿ ਉਹ ਸੀਆਈਐਸਐਫ ਅਧਿਕਾਰੀਆਂ ਨਾਲ ਇਸ ਮਾਮਲੇ ਬਾਰੇ ਪੁੱਛਗਿੱਛ ਕਰਨਗੇ।

# ਕੈਨੇਡਾ ਦੇ ਸ਼ਹਿਰ ਨੇ ਸੰਗੀਤਕਾਰ ਏ.ਆਰ. ਰਹਿਮਾਨ ਦੇ ਨਾਮ ਤੇ ਰੱਖਿਆ ਗਲੀ ਦਾ ਨਾਮ




ਚੰਡੀਗੜ੍ਹ- ਕੈਨੇਡਾ ਦੇ ਸ਼ਹਿਰ ਮਾਰਖ਼ਮ ਦੀ ਇੱਕ ਗਲੀ ਦਾ ਨਾਮ ਭਾਰਤ ਦੇ ਪ੍ਰਸਿੱਧ ਸੰਗੀਤਕਾਰ ਏ.ਆਰ. ਰਹਿਮਾਨ ਦੇ ਨਾਮ ਉੱਤੇ ਰੱਖਿਆ ਗਿਆ ਹੈ। ਜਿਸ ਤੋਂ ਬਾਅਦ ਸੰਗੀਤਕਾਰ ਨੇ ਟਵੀਟ ਕਰਦਿਆਂ ਮਾਰਖਮ ਸ਼ਹਿਰ ਦੇ ਮੇਅਰ ਫਰੈਂਕ ਸਕਾਰਪਿਟੀ ਅਤੇ ਕੈਨੇਡਾ ਦੇ ਲੋਕਾਂ ਦਾ ਇਸ ਸਨਮਾਨ ਲਈ ਧੰਨਵਾਦ ਕੀਤਾ ਹੈ।

# ਜੇਲ੍ਹ ‘ਚ ਬੰਦ ਸਿੱਖ ਨਸਲਕੁਸ਼ੀ ਦੇ ਬਜ਼ੁਰਗ ਆਰੋਪੀ ਦੀ ਮੌਤ 34 ਮੁਲਜ਼ਮਾਂ ਵਿਚੋਂ 12 ਹਸਪਤਾਲ ‘ਚ ਭਰਤੀ



ਨਵੀਂ ਦਿੱਲੀ-ਜੇਲ੍ਹ ‘ਚ ਬੰਦ ਸਿੱਖ ਕਤਲੇਆਮ ਦੇ ਦੋਸ਼ੀ ਦੀ ਹੈਲਟ ਹਸਪਤਾਲ ‘ਚ ਇਲਾਜ ਦੌਰਾਨ ਮੌਤ ਹੋ ਗਈ। ਜੇਲ ਪ੍ਰਸ਼ਾਸਨ ਨੇ ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ। ਇਸ ਦੇ ਨਾਲ ਹੀ ਸਿੱਖ ਕਤਲੇਆਮ ਵਿਚ ਜੇਲ੍ਹ ਭੇਜੇ ਗਏ 34 ਵਿਚੋਂ 12 ਦੋਸ਼ੀ ਹਸਪਤਾਲ ਵਿਚ ਦਾਖ਼ਲ ਹਨ। ਗ੍ਰਿਫ਼ਤਾਰੀ ਤੋਂ ਬਾਅਦ ਇਨ੍ਹਾਂ ਸਾਰਿਆਂ ਦੀ ਸਿਹਤ ਖ਼ਰਾਬ ਹੈ। ਕਿਦਵਈ ਨਗਰ ਵਾਈ ਬਲਾਕ ਨਿਵਾਸੀ ਧੀਰੇਂਦਰ ਤਿਵਾਰੀ (70) ਨੂੰ 12 ਜੁਲਾਈ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ ਸੀ। ਉਸ ‘ਤੇ 1984 ਦੇ ਸਿੱਖ ਕਤਲੇਆਮ ਦੌਰਾਨ ਕਿਦਵਈ ਨਗਰ ਵਿਚ ਸਿੱਖਾਂ ਦੇ ਕਤਲੇਆਮ ਦਾ ਦੋਸ਼ ਸੀ। ਜੇਲ੍ਹ ਪਹੁੰਚ ਕੇ ਜਦੋਂ ਡਾਕਟਰੀ ਜਾਂਚ ਕਰਵਾਈ ਗਈ ਤਾਂ ਉਹ ਸ਼ੂਗਰ ਦਾ ਮਰੀਜ਼ ਨਿਕਲਿਆ। ਇਸ ਤੋਂ ਬਾਅਦ ਜੇਲ੍ਹ ਵਿਚ ਹੀ ਤਬੀਅਤ ਵਿਗੜ ਗਈ ਤਾਂ ਧੀਰੇਂਦਰ ਨੂੰ ਜੇਲ੍ਹ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। 27 ਅਗਸਤ ਦੀ ਦੇਰ ਸ਼ਾਮ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। 28 ਦੀ ਸ਼ਾਮ ਨੂੰ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ। ਬੁਢਾਪੇ ਵਿਚ ਜੇਲ੍ਹ ਭੇਜੇ ਜਾਣ ਕਾਰਨ ਉਹ ਦਹਿਸ਼ਤ ਵਿਚ ਸੀ ਅਤੇ ਸ਼ੂਗਰ ਦਾ ਪੱਧਰ ਵੀ ਵੱਧ ਗਿਆ ਸੀ। ਇਸ ਕਾਰਨ ਉਸ ਦੀ ਮੌਤ ਹੋ ਗਈ।

SHAAN PROFESSIONAL PAINTING LTD
ਕੰਮ ਕਰਨ ਲਈ ਵਰਕਰਾਂ ਦੀ ਲੌੜ ਹੈ
WE DO ALL KIND OF PAINTING JOBS
All Antique Work
Full Finishing Work
Vanishal Plaster
Quality Workmanship
We Use Only Brand Name Paint
Best Rates
Guaranteed Work
Fast & Friendly Service
CALL US FOR A FREE NO-OBLIGATION QUOTE
Jaswinder Nahal 604.782.0675
Peter Dhaliwal 604.783.5217
www.shaanprofessionalpainting.com shaan2006@hotmail.com





AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor
KITCHEN
• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator
BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year
PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਬਾਦਲ ਦੀ ਅਪੰਥਕ ਸੋਚ



ਪ੍ਰਕਾਸ਼ ਸਿੰਘ ਬਾਦਲ ਕਦੇ ਕਿਸੇ ਪੰਥਕ ਸੋਚ ਵਾਲੇ ਨੂੰ ਨੇੜੇ ਨਹੀਂ ਸੀ ਢੁਕਣ ਦੇਂਦੇ। ਪੰਜਾਬੀ ਦਾ ਜਿਹੜਾ ਅਖ਼ਬਾਰ ਉਨ੍ਹਾਂ ਦਾ ਚਹੇਤਾ ਬਣਿਆ ਹੋਇਆ ਹੈ, ਉਸ ਦਾ ਐਡੀਟਰ ਕੱਟੜ ਕਾਮਰੇਡ ਸੀ ਤੇ ਉਸ ਦੇ ਪਿਤਾ ਨੇ ਇਸੇ ਕਾਰਨ ਉਸ ਨੂੰ ਦੋ ਲੱਖ ਰੁਪਏ ਦੇ ਕੇ ਘਰੋਂ ਵੱਖ ਕਰ ਦਿਤਾ ਸੀ। ਬਾਦਲਾਂ ਦਾ ਮੀਡੀਆ ਐਡਵਾਈਜ਼ਰ ਵੀ ਸਿੱਖੀ ਸਰੂਪ ਵਾਲਾ ਨਹੀਂ ਹੈ। ਇਹ ਭੂੰਦੜ, ਮਰਹੂਮ ਜਸਵਿੰਦਰ ਸਿੰਘ ਤੇ ਚੰਦੂਮਾਜਰਾ ਸਮੇਤ ਕਈ ਹੋਰ ਇਸੇ ਲਈ ਟਿਕੇ ਹੋਏ ਹਨ ਕਿਉਂਕਿ ਉਹ ਅੰਦਰੋ ਪੰਥਕ ਸੋਚ ਦੀ ਬਜਾਏ ਉਹ ਕਿਸੇ ਹੋਰ ਸੋਚ ਵਿਚੋਂ ਆਏ ਸਨ। ਪੰਥਕ ਸੋਚ ਵਾਲੇ ਤੋਂ ਤਾਂ ਬਾਦਲ ਸਾਹਿਬ ਨੂੰ 'ਅਲਰਜੀ' ਹੋਣ ਲਗਦੀ ਸੀ ਤੇ ਉਹ ਉਸ ਨੂੰ ਦੂਰ ਵਗਾਹ ਸੁਟਦੇ ਸਨ।

ਕਿਸੇ ਨੇ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਉਹ ਕਿਸੇ ਚੰਗੇ ਸਿੱਖ ਨੂੰ ਪਾਰਲੀਮੈਂਟ ਵਿੱਚ ਅਕਾਲੀਆਂ ਦਾ ਪ੍ਰਤੀਨਿਧ ਬਣਾ ਕੇ ਭੇਜਣਾ ਚਾਹੁੰਦੇ ਹਨ ਤਾਂ ਸਰਦਾਰ ਕਪੂਰ ਸਿੰਘ ਆਈ.ਸੀ.ਐਸ. ਨੂੰ ਕਿਉਂ ਨਹੀਂ ਭੇਜ ਦੇਂਦੇ? ਸ. ਬਾਦਲ ਇਕਦੰਮ ਬੋਲੇ, ''ਨਾ ਨਾ ਨਾ, ਉਹ ਤਾਂ ਬੜਾ ਕੱਟੜ ਸਿੱਖ ਹੈ, ਉਹਨੂੰ ਨਹੀਂ ਟਿਕਟ ਦੇਣੀ।''ਬਾਦਲ ਜ਼ਿਆਦਾ ਅਧਰਮੀਆਂ ਤੇ ਕਾਮਰੇਡਾਂ ਨੂੰ ਨੇੜੇ ਰੱਖ ਕੇ ਉਹ ਖ਼ੁਸ਼ ਹੁੰਦੇ ਹਨ! ਉਹ 'ਪੰਥਕ' ਉਸ ਨੂੰ ਹੀ ਮੰਨਦੇ ਸਨ ਜੋ ਉਨ੍ਹਾਂ ਦੀਆਂ ਗ਼ਲਤ ਗੱਲਾਂ ਵੇਖ ਸੁਣ ਕੇ ਵੀ ਬੋਲੇ ਨਾ ਸਗੋਂ ਉਨ੍ਹਾਂ ਦੇ ਗੁਣ ਹੀ ਗਾਉਂਦਾ ਰਹੇ।

ਸਿੱਖਾਂ ਦੀ ਵੀ ਕੋਈ ਧਿਰ ਨਹੀਂ ਦਿਸਦੀ ਜਿਥੇ ਪੰਥ ਪ੍ਰਤੀ ਮਿਹਨਤ ਅਤੇ ਲਗਨ ਨੂੰ ਵੀ ਸਵੀਕਾਰਿਆ ਗਿਆ ਹੋਵੇ? । ਸ਼੍ਰੋਮਣੀ ਕਮੇਟੀ ਕੋਲ ਜਾਉ ਤਾਂ ਉਥੇ ਵੀ ਅਕਾਲੀ ਸਿਆਸਤਦਾਨਾਂ ਦੀ ਸਿਫ਼ਾਰਸ਼ੀ ਪਰਚੀ ਚਾਹੀਦੀ ਹੁੰਦੀ ਹੈ, ਨਹੀਂ ਤਾਂ 'ਪੰਥ ਵਿਰੋਧੀ' ਹੋਣ ਦਾ ਖ਼ਿਤਾਬ ਝੱਟ ਮਿਲ ਜਾਂਦਾ ਹੈ। ਅਕਾਲ ਤਖ਼ਤ 'ਤੇ ਜਾਉ ਤਾਂ ਉਥੇ ਵੀ 'ਮਾਲਕਾਂ (ਬਾਦਲਾਂ) ਦਾ ਹੁਕਮ ਹੀ ਮੰਨਿਆ ਜਾਂਦਾ ਹੈ।

## ਮੋਦੀ ਨੇ ਆਮ ਲੋਕ ਲੁੱਟ ਕੇ ਆਪਣੇ ਦੋਸਤ ਅਮੀਰ ਬਣਾਏ:ਰਾਹੁਲ

ਨਵੀਂ ਦਿੱਲੀ:-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਮੁੜ ਹੱਲਾ ਬੋਲਦੇ ਹੋਏ ਕਿਹਾ ਕਿ ਉਹ ਆਮ ਲੋਕਾਂ ਨੂੰ 'ਲੁੱਟ' ਕੇ ਆਪਣੇ ਦੋਸਤਾਂ ਨੂੰ ਹੋਰ ਅਮੀਰ ਬਣਾ ਰਹੇ ਹਨ। ਰਾਹੁਲ ਟਵੀਟ ਵਿੱਚ ਕਿਹਾ, ''ਹਰੇਕ ਘੰਟੇ ਵਿੱਚ ਪੰਜ ਦਿਹਾੜੀਦਾਰ ਭਾਰਤੀ ਖ਼ੁਦਕੁਸ਼ੀ ਕਰ ਰਹੇ ਹਨ। ਹਰੇਕ ਘੰਟੇ ਪ੍ਰਧਾਨ ਮੰਤਰੀ ਦੇ ਪਸੰਦੀਦਾ ਮਿੱਤਰ ਦੀ ਧਨ ਦੌਲਤ ਵਿੱਚ 85 ਕਰੋੜ ਰੁਪਏ ਹੋਰ ਜੁੜ ਜਾਂਦੇ ਹਨ। ਪ੍ਰਧਾਨ ਮੰਤਰੀ ਨੂੰ ਸਿਰਫ਼ ਇਹੀ ਕੰਮ ਹੈ-ਆਮ ਆਦਮੀ ਤੋਂ ਲੁੱਟੋ ਤੇ ਆਪਣੇ ਦੋਸਤਾਂ ਨੂੰ ਹੋਰ ਅਮੀਰ ਬਣਾਓ।'' ਗਾਂਧੀ ਵੱਲੋਂ ਅਕਸਰ ਸੱਤਾਧਾਰੀ ਭਾਜਪਾ 'ਤੇ 'ਦੋ ਭਾਰਤ' ਸਿਰਜਣ ਦਾ ਦੋਸ਼ ਲਾਇਆ ਜਾਂਦਾ ਹੈ- ਇਨ੍ਹਾਂ ਵਿਚੋਂ ਇਕ ਅਮੀਰਾਂ ਤੇ ਦੂਜਾ ਗਰੀਬਾਂ ਲਈ ਹੈ।

AujLawZ
Tax & Accounting Services
• Reliable • Professional • Confidential
(we provide first couple of month's service free)
*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance
*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India
Contact: Gurbachan Aujla
604-504-1657, 604-835-3693
Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca
0323

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਬਿਨਾ ਕੱਦੂ ਕੀਤੇ ਸਿੱਧੇ ਚੌਲ ਬੀਜਣ ਵਾਲਾ ਪ੍ਰੇਰਨਾਦਾਇਕ ਕਿਸਾਨ:ਸ. ਗੁਰਜੀਤ ਸਿੰਘ ਖੋਸਾ



ਇੱਕ ਪੰਜਾਬੀ ਗੀਤ, ਮਿੱਤਰਾ ਦਾ ਨਾ ਚੱਲਦਾ...... ਪਿੰਡ ਧੰਨਾ ਸ਼ਹੀਦ ਬਲਾਕ ਜ਼ੀਰਾ, ਜਿਲਾ ਫਿਰੋਜ਼ਪੁਰ ਦੇ ਕਿਸਾਨ ਸ. ਗੁਰਜੀਤ ਸਿੰਘ ਖੋਸਾ ਲਈ ਬਿਲਕੁਲ ਢੁੱਕਦਾ ਹੈ। ਫਿਰੋਜ਼ਪੁਰ ਜ਼ਿਲ੍ਹੇ ਵਿੱਚ ਜਦੋਂ ਵੀ ਝੋਨੇ ਦੀ ਸਿੱਧੀ ਬਿਜਾਈ ਦੀ ਗੱਲ ਹੁੰਦੀ ਹੈ ਤਾਂ ਪਿੰਡ ਧੰਨਾ ਸ਼ਹੀਦ ਦਾ ਨਾਂ ਹਰ ਕਿਸੇ ਦੀ ਜ਼ੁਬਾਨ 'ਤੇ ਹੁੰਦਾ ਹੈ। ਸ: ਗੁਰਜੀਤ ਸਿੰਘ ਖੋਸਾ ਪੁੱਤਰ ਮੱਲ ਸਿੰਘ ਪਿੰਡ ਧੰਨਾ ਸ਼ਹੀਦ, ਜ਼ਿਲ੍ਹਾ ਫਿਰੋਜ਼ਪੁਰ ਦਾ ਇੱਕ ਅਗਾਂਹਵਧੂ ਕਿਸਾਨ ਹੈ। ਖੋਸਾ ਪਿਛਲੇ ਸੱਤ ਸਾਲਾਂ ਤੋਂ ਝੋਨੇ ਦੀ ਬਿਜਾਈ ਲਈ ਸਿੱਧੀ ਬੀਜੀ ਚਾਵਲ ਤਕਨੀਕ ਦੀ ਵਰਤੋਂ ਕਰ ਰਿਹਾ ਹੈ। ਇਸ ਸਾਲ (2021) ਵਿੱਚ ਉਸਨੇ ਆਪਣਾ ਪੂਰਾ ਝੋਨਾ (ਕੁੱਲ 18 ਏਕੜ) ਸਿੱਧੀ ਬੀਜ ਵਾਲੀ ਰਾਈਸ ਮਸ਼ੀਨ ਨਾਲ ਬੀਜਿਆ ਹੈ। ਇਸ ਦੇ ਨਾਲ ਹੀ ਉਸਨੇ ਆਪਣੀ ਡਾਇਰੈਕਟ ਸੀਡ ਰਾਈਸ ਮਸ਼ੀਨ ਨਾਲ 1200 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਹੋਰ ਕਿਸਾਨਾਂ ਦਾ 105 ਏਕੜ ਝੋਨਾ ਵੀ ਬੀਜਿਆ ਹੈ। ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ ਵੱਲੋਂ ਪੈਦਾ ਕੀਤੀ ਜਾਗਰੂਕਤਾ ਉਸ ਲਈ ਨਿਰੰਤਰ ਪ੍ਰੇਰਨਾ ਸਰੋਤ ਰਹੀ ਹੈ। ਹੋਰ ਕਿਸਾਨਾਂ ਜਿਨ੍ਹਾਂ ਨੇ ਇਸ ਸਿੱਧੀ ਬੀਜੀ ਚਾਵਲ ਤਕਨੀਕ ਨੂੰ ਅਪਣਾਇਆ ਹੈ, ਨੇ ਨਤੀਜਿਆਂ ਦੀ ਸ਼ਲਾਘਾ ਕੀਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਦੀ ਰਹਿਨੁਮਾਈ ਅਤੇ ਤਕਨੀਕੀ ਜਾਣਕਾਰੀ ਤੋਂ ਬਾਅਦ ਝੋਨੇ ਦੀ ਸਿੱਧੀ ਬਿਜਾਈ ਦੇ ਵਧੀਆ ਅਤੇ ਮੁਨਾਫ਼ੇ ਵਾਲੇ ਨਤੀਜੇ ਸਾਹਮਣੇ ਆਏ ਹਨ, ਜਿਸ ਕਾਰਨ ਆਸ-ਪਾਸ ਦੇ ਕਿਸਾਨ ਵੀ ਇਸ ਤੋਂ ਪ੍ਰੇਰਿਤ ਹੋ ਰਹੇ ਹਨ। ਸ: ਗੁਰਜੀਤ ਸਿੰਘ ਖੋਸਾ ਦੀ ਮੁੱਖ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਦੇ ਪ੍ਰਭਾਵ ਨਾਲ ਪਿੰਡ ਦੀ ਕਰੀਬ 500 ਏਕੜ ਜ਼ਮੀਨ ਵਿੱਚ ਸਿੱਧੀ ਬੀਜੀ ਚੌਲਾਂ ਦੀ ਤਕਨੀਕ ਸ਼ੁਰੂ ਹੋ ਗਈ ਹੈ। ਸ: ਗੁਰਜੀਤ ਸਿੰਘ ਖੋਸਾ ਦਾ ਕਹਿਣਾ ਹੈ ਕਿ ਝੋਨੇ ਦੀ ਕਟਾਈ ਦੇ ਰਵਾਇਤੀ ਢੰਗ ਦੇ ਮੁਕਾਬਲੇ ਇਸ ਢੰਗ ਨਾਲ ਪਾਣੀ ਅਤੇ ਮਜ਼ਦੂਰੀ ਦੀ ਬੱਚਤ ਹੁੰਦੀ ਹੈ। ਸਿੱਧੀ ਬੀਜੀ ਚਾਵਲ ਤਕਨੀਕ ਨਾਲ ਬੀਜੀ ਫ਼ਸਲ ਰਵਾਇਤੀ ਵਿਧੀ ਦੇ ਮੁਕਾਬਲੇ ਬਿਮਾਰੀਆਂ ਦਾ ਘੱਟ ਖ਼ਤਰਾ ਹੈ। ਇਸ ਤਕਨੀਕ ਦੀ ਵਰਤੋਂ ਕਰਕੇ ਫ਼ਸਲ ਦੀ ਬਿਜਾਈ ਜਿੱਥੇ ਬਹੁਤ ਲਾਹੇਵੰਦ ਹੈ, ਉੱਥੇ ਪੈਸੇ, ਪਾਣੀ ਦੀ ਬੱਚਤ ਹੁੰਦੀ ਹੈ ਅਤੇ ਝਾੜ ਵਿੱਚ ਵੀ ਵਾਧਾ ਹੁੰਦਾ ਹੈ। ਇਸ ਤੋਂ ਇਲਾਵਾ ਇਸ ਸਫਲ ਕਿਸਾਨ ਨੇ ਸਹਾਇਕ ਧੰਦੇ ਵੀ ਅਪਣਾਏ। ਉਸ ਕੋਲ ਸੱਤ ਮੱਝਾਂ ਅਤੇ ਦੋ ਗਾਵਾਂ ਹਨ ਜਿਨ੍ਹਾਂ ਦੀ ਸਾਲਾਨਾ ਆਮਦਨ ਲਗਭਗ 75000 ਰੁਪਏ ਹੈ, ਇਸ ਤੋਂ ਇਲਾਵਾ ਪਰਿਵਾਰ ਦੀਆਂ ਲੋੜਾਂ ਵੀ ਪੂਰੀਆਂ ਕਰਦੇ ਹਨ। ਗੁਰਜੀਤ ਸਿੰਘ ਨੇ ਹਾਲ ਹੀ ਵਿੱਚ ਦੋ ਬੱਕਰੀਆਂ ਖਰੀਦੀਆਂ ਹਨ ਅਤੇ ਬਾਅਦ ਵਿੱਚ ਇਸ ਨੂੰ ਵਪਾਰਕ ਪੱਧਰ 'ਤੇ ਗੋਦ ਲੈਣਾ ਚਾਹੁੰਦਾ ਹੈ। ਆਪਣੇ ਕੰਮ ਨੂੰ ਵਧੇਰੇ ਵਿਆਪਕ ਅਤੇ ਵਾਤਾਵਰਣ ਅਨੁਕੂਲ ਬਣਾਉਣ ਲਈ ਉਸ ਕੋਲ ਬਾਇਓਗੈਸ ਪਲਾਂਟ ਹੈ। ਉਹ ਆਪਣੇ ਸਾਰੇ ਕੰਮ ਅਤੇ ਪ੍ਰੇਰਨਾ ਦੇ ਸਰੋਤ ਵਜੋਂ ਇਲਾਕੇ ਵਿੱਚ ਜਾਣਿਆ ਜਾਂਦਾ ਹੈ।

**ਵੱਲੋਂ-ਆਨੰਦ ਗੌਤਮ, ਗੁਰਜੰਟ ਐਸ ਔਲਖ ਦੁਆਰਾ ਅਤੇ ਮੁਨੀਸ਼ ਕੁਮਾਰ,ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ**

## ਭਾਜਪਾ ਮੈਨੂੰ ਗ੍ਰਿਫ਼ਤਾਰ ਕਰਕੇ ਦਿਖਾਏ:ਮਮਤਾ

ਕੋਲਕਾਤਾ:-ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀਤੇ ਕੁਝ ਵਰ੍ਹਿਆਂ ਵਿੱਚ ਆਪਣੀ ਅਤੇ ਰਿਸ਼ਤੇਦਾਰਾਂ ਦੀ ਜਾਇਦਾਦ ਵਿੱਚ ਤੇਜ਼ੀ ਨਾਲ ਹੋਏ ਵਾਧੇ ਦੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੰਦਿਆਂ ਭਾਜਪਾ ਨੂੰ ਚੁਣੌਤੀ ਦਿੱਤੀ ਕਿ ਉਹ ਉਸ ਨੂੰ ਗ੍ਰਿਫਤਾਰ ਕਰਕੇ ਦਿਖਾਏ। ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰੀ ਏਜੰਸੀਆਂ ਅਤੇ ਭਾਜਪਾ ਦੇ ਨਜਾਇਜ਼ ਪੈਸੇ ਦੀ ਵਰਤੋਂ ਉਨ੍ਹਾਂ ਚੁਣੀਆਂ ਹੋਈਆਂ ਰਾਜ ਸਰਕਾਰਾਂ ਨੂੰ ਡੇਗਣ ਲਈ ਕੀਤਾ ਜਾ ਰਿਹਾ ਹੈ ਜੋ ਭਾਜਪਾ ਵਿਰੋਧੀ ਦਲਾਂ ਵਲੋਂ ਚਲਾਈਆਂ ਜਾ ਰਹੀਆਂ ਹਨ। ਬੈਨਰਜੀ ਨੇ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਦਾ ਸੰਕਲਪ ਲਿਆ।





ਟੀ ਐਂਡ ਐਸ ਟਰਾਂਸਪੋਰਟੇਸ਼ਨ ਨੂੰ ਬੀ ਸੀ ਤੋਂ ਉਨਟੇਰੀਓ,ਬੀ ਸੀ ਤੋਂ ਅਲਬਰਟਾ ਅਤੇ ਬੀ ਸੀ ਤੋਂ ਅਮਰੀਕਾ ਚੱਲਣ ਵਾਲੇ ਓਨਰ ਅਪਰੇਟਰ ਅਤੇ ਡਰਾਈਵਰ ਜਲਦ ਤੋਂ ਜਲਦ ਚਾਹੀਦੇ ਹਨ।

ਅਸੀਂ ਓਨਰ ਅਪਰੇਟਰਾਂ ਲਈ ਫਾਇਨੈਂਸਿੰਗ ਵੀ ਕਰਵਾ ਕੇ ਦੇ ਸਕਦੇ ਹਾਂ

ਸਾਡੇ ਕੋਲ LMIO ਹਨ। ਲੋੜਵੰਦ ਸੰਪਰਕ ਕਰ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

604-607-0333

# ਕਲੀਨਅੱਪ ਵਰਕਰਾਂ ਦੀ ਲੋੜ

Seneca ਕੰਪਨੀ ਵੱਲੋਂ ਡੈਲਟਾ ਵਿਚ ਕੈਸੀਨੋ ਲਈ ਫੁੱਲ ਟਾਈਮ ਅਤੇ ਪਾਰਟ ਟਾਈਮ ਕਲੀਨਅੱਪ ਵਰਕਰਾਂ ਦੀ ਲੋੜ ਹੈ। ਕੈਸੀਨੋ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਸਵੇਰੇ, ਦੁਪਹਿਰ ਅਤੇ ਰਾਤ ਦੀਆਂ ਸ਼ਿਫਟਾਂ ਉਪਲਬਧ ਹਨ। ਵਧੀਆ ਅਤੇ ਸਪੱਸ਼ਟ ਗੱਲਬਾਤ ਅਤੇ ਬਿਹਤਰੀਨ ਕਸਟਮਰ ਕੇਅਰ ਦੇ ਸਕਣ ਵਾਲੇ ਹੀ ਅਪਲਾਈ ਕਰਨ। ਤਨਖਾਹ ਵਧੀਆ ਅਤੇ ਤਜਰਬੇ ਦੇ ਆਧਾਰ ਤੇ। ਕੰਪਨੀ ਵੱਲੋਂ ਫੁੱਲ ਟਾਈਮ ਵਰਕਰਾਂ ਲਈ ਹੈਲਥ ਬੈਨੇਫਿਟਸ ਵੀ ਦਿੱਤੇ ਜਾਣਗੇ।

# Cleanup Workers Needed

Seneca is offering part time and full time positions for cleaning at a casino in Delta. The facility is open 24/7 and we have morning, afternoon and night shifts available. Candidates must have previous janitorial experience, communication skills, and customer service skills. Good Wages. Seneca also will provide extended health coverage for full time employees.

ਗੁਰਦੀਪ ਪਰਮਾਰ:604-720-2331

ਪਰਮਜੀਤ ਪਰਮਾਰ:604-889-1738

# ਭਾਈ ਕਾਨ੍ਹ ਸਿੰਘ ਨਾਭਾ ਰਚਿਤ ਮਹਾਨ ਕੋਸ਼ ਦੀਆਂ ਕਾਪੀਆਂ ਤੁਰੰਤ ਨਸ਼ਟ ਕੀਤੀਆਂ ਜਾਣ:ਕੇਂਦਰੀ ਸਿੰਘ ਸਭਾ

ਚੰਡੀਗੜ੍ਹ: ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਗੁਰੂ ਗ੍ਰੰਥ ਸਾਹਿਬ ਭਵਨ ਚੰਡੀਗੜ੍ਹ ਵਿਖੇ ਉਘੇ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦਾ 161 ਵਾਂ ਜਨਮ ਦਿਨ ਇਕ ਗੰਭੀਰ ਵਿਚਾਰ ਚਰਚਾ ਦੇ ਰੂਪ ਵਿਚ ਮਨਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਭਾਈ ਸਾਹਿਬ ਦੇ ਪੜਪੋਤਰੇ ਮੇਜਰ ਆਦਰਸ਼ਪਾਲ ਸਿੰਘ ਨਾਭਾ, ਸਾਬਕਾ ਆਈ. ਏ.ਐੱਸ ਸ. ਗੁਰਤੇਜ ਸਿੰਘ, ਸਭਾ ਦੇ ਪ੍ਰਧਾਨ ਪ੍ਰੋ. ਸ਼ਾਮ ਸਿੰਘ, ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਡਾ. ਜਗਮੇਲ ਸਿੰਘ ਭਾਠੂਆ ਅਤੇ ਅਮਰਜੀਤ ਸਿੰਘ ਧਵਨ ਵੱਲੋਂ ਕੀਤੀ ਗਈ। ਸਟੇਜ ਸਕੱਤਰ ਦੀ ਸੇਵਾ ਸਭਾ ਦੇ ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਵੱਲੋਂ ਨਿਭਾਈ ਗਈ ਅਤੇ ਗਿਆਨੀ ਕੇਵਲ ਸਿੰਘ ਵੱਲੋਂ ਸਭ ਨੂੰ ਜੀ ਆਇਆ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਡਾ. ਜਗਮੇਲ ਸਿੰਘ ਭਾਠੂਆ ਨੇ ਕਿਹਾ ਕਿ ਜਿੱਥੇ ਭਾਈ ਕਾਨ੍ਹ ਸਿੰਘ ਨਾਭਾ ਕੋਸ਼ਕਾਰ, ਟੀਕਾਕਾਰ, ਕਾਨੂੰਨਦਾਨ, ਵਿਆਖਿਆਕਾਰ, ਡਿਮਲੋਮੈਂਟਿਕ ਸਨ ਉੱਥੇ ਉਹ ਬਹੁਤ ਵੱਡੇ ਕਵੀ ਵੀ ਸਨ ਤੇ ਮਹਾਨ ਸੰਗੀਤਕਾਰ ਵੀ ਸਨ। ਉਹਨਾਂ ਭਾਈ ਨਾਭਾ ਦੀਆਂ ਕਵਿਤਾਵਾਂ ਵੀ ਸਰੋਤਿਆਂ ਨੂੰ ਗਾ ਕੇ ਸੁਣਾਈਆ।ਡਾ. ਭਾਠੂਆਂ ਨੇ ਆਪਣੇ ਵੱਲੋਂ ਸੰਪਾਦਤ ਕੀਤੀਆਂ ਦੋ ਕਿਤਾਬਾ ਵੀ ਭੇਟ ਕੀਤੀਆ।

ਅਮਰਜੀਤ ਸਿੰਘ ਧਵਨ ਨੇ ਮਹਾਨ ਕੋਸ਼ ਬਾਰੇ ਬੋਲਦਿਆਂ ਕਿਹਾ ਪੰਜਾਬੀ ਯੂਨੀਵਰਸਿਟੀ ਨੇ ਮਹਾਨ ਕੋਸ਼ ਦੇ ਜੋ ਅੰਗਰੇਜ਼ੀ ਅਤੇ ਹਿੰਦੀ ਵਿੱਚ ਅਨੁਵਾਦ ਕਰਵਾਏ ਸਨ, ਉਹਨਾਂ ਵਿੱਚ ਬੇਸ਼ੁਮਾਰ ਗਲਤੀਆਂ ਸਨ, ਜੋ ਭਾਈ ਕਾਨ੍ਹ ਸਿੰਘ ਜੀ ਦੇ ਕੰਮ ਨਾਲ ਘੋਰ ਅਨਾਚਾਰ ਸੀ।ਉਹਨਾਂ ਯੂਨੀਵਰਸਿਟੀ ਵੱਲੋਂ ਛਾਪੇ ਗਏ ਇਹਨਾਂ ਐਡੀਸ਼ਨਾਂ ਨੂੰ ਬੈਨ ਕਰਵਾਉਣ ਬਾਰੇ ਲੜੀ ਗਈ ਲੰਬੀ ਲੜਾਈ ਦੇ ਵੇਰਵੇ ਦਿੱਤੇ। ਉਹਨਾਂ ਕਿਹਾ ਭਾਵੇਂ ਹਾਈਕੋਰਟ ਗਲਤੀਆਂ ਨਾਲ ਭਰਪੂਰ ਮਹਾਨ ਕੋਸ਼ ਦੀਆਂ ਅੰਗਰੇਜ਼ੀ- ਹਿੰਦੀ ਐਡੀਸ਼ਨਾਂ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ, ਪਰ ਹਾਲਾਂ ਤੱਕ ਯੂਨੀਵਰਸਿਟੀ ਨੇ ਇਹਨਾਂ ਐਡੀਸ਼ਨਾਂ ਨੂੰ ਨਸ਼ਟ ਨਹੀਂ ਕੀਤਾ।

ਸਮਾਗਮ ਵਿੱਚ ਹਾਜ਼ਰੀਨਾ ਨੇ ਮੰਗ ਕੀਤੀ ਕਿ ਮਹਾਨ ਕੋਸ਼ ਦੀਆਂ ਕਾਪੀਆਂ ਤੁਰੰਤ ਨਸ਼ਟ ਕੀਤੀਆ ਜਾਣ।ਸਿੱਖ ਚਿੰਤਕ ਤੇ ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਕਿਹਾ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ "ਹਮ ਹਿੰਦੂ ਨਹੀਂ" ਵਰਗੀ ਕਲਾਸਿਕ ਕਿਤਾਬ ਲਿਖ ਕੇ ਸਿੱਖਾਂ ਦੀ ਵੱਖਰੀ ਪਛਾਣ ਤੇ ਨਿਆਰੀ ਹਸਤੀ ਨੂੰ ਸਦਾ ਸਦਾ ਲਈ ਸਿੱਕੇਬੰਦ ਕਰ ਦਿੱਤਾ ਹੈ।ਭਾਈ ਕਾਨ੍ਹ ਸਿੰਘ ਨਾਭਾ ਨੇ ਜਾਤ-ਪਾਤ ਤੋੜ੍ਹਨ ਅਤੇ ਛੂਤ-ਛਾਤ ਦੂਰ ਕਰਨ ਵਿੱਚ ਵੀ ਭੂਮਿਕਾ ਨਿਭਾਈ ਸੀ। ਸ. ਗੁਰਤੇਜ ਸਿੰਘ ਆਈ.ਏ.ਐੱਸ ਨੇ ਕਿਹਾ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਮਿਸ਼ਨਰੀ ਖੋਜ ਦਾ ਮੁੱਢ ਬੰਨ੍ਹਿਆ।



(ਸਫਾ ਬੀ5 ਦੀ ਬਾਕੀ)

ਸਮਝ ਦੀ ਸ਼ਕਤੀ ਨੂੰ ਤਬਾਹ ਕਰ ਦਿੱਤਾ ਹੈ। ਕੋਈ ਵੀ ਉਸ ਦੀ ਗੱਲ ਨੂੰ ਝੂਠ ਨਹੀਂ ਮੰਨਦਾ ਕਿਉਂਕਿ ਉਸ ਨੇ ਝੂਠ ਨੂੰ ਸੱਚ ਮੰਨ ਲਿਆ ਹੈ।ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ ਦੇ ਮਹੇਸ਼ ਵਿਆਸ ਨੇ ਲਿਖਿਆ ਹੈ ਕਿ ਵਿਦੇਸ਼ਾਂ ਵਿੱਚ ਜ਼ਿਆਦਾਤਰ ਲੋਕ 15 ਤੋਂ 24 ਸਾਲ ਦੀ ਉਮਰ ਵਿਚ ਕੁਝ ਪੜ੍ਹਾਈ ਛੱਡ ਕੇ ਅਤੇ ਕੁਝ ਪੜ੍ਹਾਈ ਪੂਰੀ ਕਰਕੇ ਨੌਕਰੀ ਵਿਚ ਸ਼ਾਮਲ ਹੋ ਜਾਂਦੇ ਹਨ। ਵਿਸ਼ਵ ਬੈਂਕ ਦੇ ਅੰਕੜੇ ਦਰਸਾਉਂਦੇ ਹਨ ਕਿ ਉੱਤਰੀ ਅਮਰੀਕਾ ਵਿੱਚ 15 ਤੋਂ 24 ਸਾਲ ਦੀ ਉਮਰ ਦੇ ਸਾਰੇ ਨੌਜਵਾਨਾਂ ਨੂੰ ਕੰਮ ਲੱਭ ਜਾਂਦਾ ਹੈ। 50 ਫੀਸਦੀ ਤੋਂ ਵੱਧ ਨੌਜਵਾਨ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਹੈ ਜਦੋਂ ਕਿ ਭਾਰਤ ਵਿੱਚ ਸਿਰਫ 23 ਫੀਸਦੀ ਹੈ।ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ ਨਾ ਸਿਰਫ਼ ਦਿਹਾੜੀਦਾਰ ਮਜ਼ਦੂਰਾਂ ਦੀ ਗਿਣਤੀ ਸਭ ਤੋਂ ਵੱਧ ਹੈ, ਸਗੋਂ ਉਮਰ ਦੇ ਹਿਸਾਬ ਨਾਲ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਗਿਣਤੀ ਵੀ ਸਭ ਤੋਂ ਵੱਧ ਹੈ। ਅਸੀਂ ਕਦੇ ਵੀ ਇਹਨਾਂ ਆਰਥਿਕ ਅਸਫਲਤਾਵਾਂ ਬਾਰੇ ਠੋਸ ਚਰਚਾ ਨਹੀਂ ਕਰਦੇ, ਅਸੀਂ ਆਪਣਾ ਸਾਰਾ ਸਮਾਂ ਧਰਮ ਦੀ ਰਾਜਨੀਤੀ ਵਿੱਚ ਬਿਤਾਉਂਦੇ ਹਾਂ। ਕੀ ਧਰਮ ਦੀ ਰਾਜਨੀਤੀ ਸ਼ੁੱਧ ਮਨ ਦਾ ਨੇਤਾ ਬਣਾਉਂਦੀ ਹੈ, ਹੁਣ ਇਸ ਸਵਾਲ ਦਾ ਜਵਾਬ ਦੇਣ ਲਈ, ਬੁਲਬੁਲ ਦੇ ਖੰਭਾਂ 'ਤੇ ਉੱਡ ਕੇ ਅੰਡੇਮਾਨ ਨਾ ਜਾਓ। ਪਰ ਸਵਾਲ ਗੰਭੀਰ ਹੈ।ਮੂਲ ਸਵਾਲ ਗੋਡੀ ਮੀਡੀਆ ਦਾ ਹੈ।ਕੀ ਲੋਕ ਅੰਗਰੇਜ਼ਾਂ ਨਾਲ ਇਸ ਲਈ ਲੜੇ ਸਨ ਕਿ ਆਜ਼ਾਦੀ ਤੋਂ ਬਾਅਦ ਗੋਦੀ ਮੀਡੀਆ ਸਾਨੂੰ ਗੁਲਾਮ ਬਣਾਵੇਗਾ? ਜਿੱਥੇ ਅਸਲ ਮੁੱਦਿਆਂ ਨੂੰ ਗਾਇਬ ਕਰਨ ਲਈ ਹਰ ਤਰ੍ਹਾਂ ਦੀਆਂ ਚਾਲਾਂ ਚੱਲੀਆਂ ਜਾਣਗੀਆਂ। ਅੰਨਾ ਹਜ਼ਾਰੇ ਨੂੰ ਦਿੱਲੀ ਦੇ ਸ਼ਰਾਬ ਦੇ ਲਾਇਸੈਂਸ ਵਿਵਾਦ 'ਚ ਲਿਆਂਦਾ ਗਿਆ ਹੈ, ਪਰ ਇਸ 'ਤੇ ਕੋਈ ਸਵਾਲ-ਜਵਾਬ ਨਹੀਂ ਹੈ ਕਿ ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਬਾਅਦ ਬਣੇ ਲੋਕਪਾਲ ਦੀ ਕੀ ਹਾਲਤ ਹੈ, ਲੋਕਪਾਲ ਜਾਂਚ ਕਿਉਂ ਨਹੀਂ ਕਰ ਰਿਹਾ। ਇਸ ਦੌਰਾਨ ਤੁਹਾਡੇ ਲਈ ਇੱਕ ਅਹਿਮ ਖਬਰ ਹੈ ਕਿ ਰੇਲ ਟਿਕਟ ਕੈਂਸਲ ਕਰਨ 'ਤੇ ਲੱਗੇਗਾ ਜੀ.ਐੱਸ.ਟੀ. ਮੈਨੂੰ ਪਤਾ ਹੈ ਕਿ ਇਹ ਖਬਰ ਸੁਣ ਕੇ ਤੁਸੀਂ ਬੁਲਬੁਲ ਦੇ ਖੰਭਾਂ 'ਤੇ ਬੈਠ ਕੇ ਪਟਨਾ ਚਲੇ ਜਾਓਗੇ। ਤੁਸੀਂ ਸੰਸਾਰ ਗੁਰੂ ਬਣਨ ਦੀ ਖੁਸ਼ੀ ਵਿੱਚ ਹੀ ਬਹੁਤ ਕੁਝ ਕਰ ਸਕਦੇ ਹੋ।

ਧੰਨਵਾਦ ਐਨ.ਡੀ.ਟੀ.ਵੀ

# ਕੌਮਾਂਤਰੀ ਵਿਦਿਆਰਥੀਆਂ ਵਿਚ ਚੱਲੀਆਂ ਕਿਰਪਾਨਾਂ

ਓਨਟਾਰੀਓ:ਇੱਥੇ ਦੇ ਸ਼ੈਰੀਡਨ ਕਾਲਜ ਕੈਂਪਸ ਵਿਚ ਕੌਮਾਂਤਰੀ ਵਿਦਿਆਰਥੀਆਂ ਵਿਚ ਹਿੰਸਕ ਝੱੜਪ ਹੋਈ ਜਿਸ ਵਿਚ ਕਿਰਪਾਨਾਂ ਚੱਲ ਗਈਆਂ। ਪਰਵਾਸੀ ਮੀਡੀਆ ਵੱਲੋਂ ਸ਼ੇਅਰ ਕੀਤੀ ਵੀਡੀਓ ਵਿਚ ਦੂਰੋਂ ਵੇਖਣ ਵਾਲੇ ਆਖ ਰਹੇ ਹਨ ਕਿ ਉਹ ਵੇਖੋ ਇਕ ਦੀ ਬਾਂਹ ਵੱਢੀ ਗਈ। ਪਹਿਲੀ ਨਜ਼ਰੇ ਲੜਨ ਵਾਲੇ ਕੌਮਾਂਤਰੀ ਵਿਦਿਆਰਥੀ ਪੰਜਾਬੀ ਜਾਪ ਰਹੇ ਹਨ ਜਿਹਨਾਂ ਵਿਚੋਂ ਕੁਝ ਦੇ ਪੱਗਾਂ ਵੀ ਬੰਨੀਆਂ ਦਿੱਸ ਰਹੀਆਂ ਹਨ।





TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

*#121-13140-80Ave Surrey, BC V3W 3B2*

# ‘‘ਪੁੱਤਰ, ਬੜਾ ਔਖਾ ਹੈ ਸਿੱਖ ਪੱਤਰਕਾਰ ਹੋਣਾ, ਉਹ ਵੀ ਗੁਰਸਿੱਖ ਪੱਤਰਕਾਰ ਹੋਣਾ’’

## ਅਮਰੀਕਾ ’ਚ ਰਹਿੰਦੇ ਅੰਗਦ ਸਿੰਘ ਨੂੰ ਦਿੱਲੀ ਹਵਾਈ ਅੱਡੇ ਤੋਂ ਹੀ ਵਾਪਸ ਅਮਰੀਕਾ ਭੇਜ ਦੇਣ ਤੇ ਉਸ ਦੀ ਮਾਤਾ ਵੱਲੋਂ ਬੋਲਿਆ ਸੱਚ

ਅੰਗਦ ਸਿੰਘ ਅਮਰੀਕਾ ਵਿਚ ਵੈੱਬਸਾਈਟ ਲਈ ਡਾਕੂਮੈਂਟਰੀ ਫ਼ਿਲਮਾਂ ਤਿਆਰ ਕਰਦਾ ਗੁਰਸਿੱਖ ਹੈ। ਉਹ ਸਿਰਫ਼ ਸੱਚ ਬੋਲਦਾ ਹੈ, ਸੱਚ ਲਿਖਦਾ ਹੈ ਤੇ ਸੱਚ ਹੀ ਵਿਖਾਂਦਾ ਹੈ। ਅਪਣੇ ਪ੍ਰਵਾਰ ਨੂੰ ਮਿਲਣ ਲਈ ਉਹ ਦਿੱਲੀ ਹਵਾਈ ਅੱਡੇ ’ਤੇ ਪਹੁੰਚਿਆ ਤਾਂ ਉਸ ਨੂੰ ਫੜ ਕੇ ਅਗਲੀ ਫ਼ਲਾਈਟ ਤੇ ਅਮਰੀਕਾ ਭੇਜ ਦਿਤਾ। ਅਪਣੇ ਪੁੱਤਰ ਨੂੰ ਫ਼ੇਸਬੁਕ ਰਾਹੀਂ ਸੰਦੇਸ਼ ਭੇਜਦੀ ਹੋਈ ਉਸ ਦੀ ਮਾਤਾ ਕਹਿੰਦੀ ਹੈ, ‘‘ਤੂੰ ਸਦਾ ਚੜ੍ਹਦੀ ਕਲਾ ਵਿਚ ਰਹੇਂ ਮੇਰੇ ਬੱਚੇ। ਸਿੱਖ ਵਜੋਂ ਰਹਿਣਾ ਤੇ ਉਹ ਵੀ ਇਕ ਪੱਕੇ ਗੁਰਸਿੱਖ ਵਜੋਂ ਪ੍ਰਸਿੱਧੀ ਦੀਆਂ ਉਚਾਈਆਂ ਛੂਹਣ ਵਾਲੇ ਪੱਤਰਕਾਰ ਵਜੋਂ, ਸੱਚਾਈ ਅਤੇ ਨਿਆਂ ਲਈ ਲੜਨ ਵਾਲੇ ਇਕ ਯੋਧੇ ਵਜੋਂ ਜੀਣਾ ਸੌਖਾ ਨਹੀਂ ਹੈ ਮੇਰੇ ਪੁੱਤਰ!’’ ਇਸ ਮਾਂ ਦੀ ਅਸੀਸ ਹਰ ਸਿੱਖ ਨੌਜੁਆਨ ਤਕ ਪਹੁੰਚਾਈ ਜਾਣੀ ਚਾਹੀਦੀ ਹੈ ਕਿਉਂਕਿ ਸਿੱਖ ਹੋਣ ਦਾ ਮਤਲਬ ਹੁੰਦਾ ਹੈ ਸੱਚ ਲਈ ਲੜਦੇ ਰਹਿਣਾ ਤੇ ਉਸ ਲਈ ਵੱਡੀ ਤੋਂ ਵੱਡੀ ਕੀਮਤ ਤਾਰਨ ਲਈ ਤਿਆਰ ਰਹਿਣਾ। ਨਾਲ ਹੀ ਅਪਣੇ ਕੰਮ ਵਿਚ ਸੱਭ ਤੋਂ ਅੱਗੇ ਰਹਿਣਾ ਤੇ ਪਹਿਲੇ ਨੰਬਰ ’ਤੇ ਆਉਣ ਤੋਂ ਪਹਿਲਾਂ ਨਹੀਂ ਰੁਕਣਾ।

ਅੰਗਦ ਸਿੰਘ ਇਕ ਨੌਜੁਆਨ ਸਿੱਖ, 6 ਫ਼ੁਟ 5 ਇੰਚ ਲੰਮਾ, ਇਕ ਅਮਰੀਕੀ ਨਾਗਰਿਕ ਹੈ ਤੇ ਪੱਤਰਕਾਰੀ ਵਿਚ ਉਸ ਦੇਸ਼ ਵਿਚ ਚੰਗਾ ਨਾਂ ਬਣਾ ਚੁਕਿਆ ਹੈ।ਨਾਂ ਉਸ ਦਾ ਹੀ ਬਣਦਾ ਹੈ ਜੋ ਕਲਮ ਜਾਂ ਕੈਮਰੇ ਦੀ ਵਰਤੋਂ ਕਰਨ ਲੱਗਿਆਂ, ਆਪਣੀ ਨਜ਼ਰ ਕੇਵਲ ਸੱਚ ਉਤੇ ਟਿਕਾਈ ਰੱਖੇ ਤੇ ਸੱਚ ਬਿਆਨ ਕਰਨ ਲਗਿਆਂ, ਡਰੇ ਬਿਲਕੁਲ ਨਾ। ਹੁਣੇ ਜਹੇ ਦਿੱਲੀ ਵਿਚ ਕਿਸਾਨ ਅੰਦੋਲਨ ਵੇਲੇ ਉਸ ਨੇ ਸੱਚ ਉਤੇ ਹੀ ਅਪਣੇ ਕੈਮਰੇ ਦੀ ਨਜ਼ਰ ਟਿਕਾਈ ਰੱਖੀ ਤੇ ਪੂਰੀ ਸਚਾਈ ਦੁਨੀਆਂ ਅੱਗੇ ਰੱਖ ਵਿਖਾਈ। ਕੁਦਰਤੀ ਤੌਰ ’ਤੇ ਇਥੇ ਹਰ ਉਹ ਸਿੱਖ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ ਜੋ ਕਿਸਾਨ ਅੰਦੋਲਨ ਦੀ ਚੜ੍ਹਦੀ ਕਲਾ ਲਈ ਕੋਈ ਕੰਮ ਕਰਦਾ ਨਜ਼ਰ ਆਇਆ, ਖ਼ਾਸ ਤੌਰ ’ਤੇ ਜੇ ਉਹ ਵਿਦੇਸ਼ ਤੋਂ ਆ ਕੇ ਇਥੇ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਸੱਚ ਉਜਾਗਰ ਕਰਦਾ ਰਿਹਾ ਹੋਵੇ।

ਅੰਗਦ ਸਿੰਘ 18 ਘੰਟੇ ਦਾ ਹਵਾਈ ਸਫ਼ਰ ਤੈਅ ਕਰ ਕੇ ਸਵੇਰ ਵੇਲੇ ਦਿੱਲੀ ਪੁੱਜਾ ਤਾਂ ਉਸ ਦਾ ਦਿਲ ਕਰਦਾ ਸੀ ਅਪਣੀ ਮਾਂ ਨੂੰ ਮਿਲੇ ਤੇ ਕੁੱਝ ਘੰਟੇ ਲੱਤਾਂ ਲੰਮੀਆਂ ਕਰ ਕੇ ਸੌਂ ਜਾਵੇ। ਹਵਾਈ ਜਹਾਜ਼ ਵਿਚ 18 ਘੰਟੇ ਬੈਠ ਕੇ, ਸਰੀਰ ਆਕੜ ਜਾਂਦਾ ਹੈ।

ਪਰ ਅੰਗਦ ਸਿੰਘ ਨੂੰ ਦਿੱਲੀ ਨਾ ਉਤਰਨ ਦਿੱਤਾ ਗਿਆ ਤੇ ਅਮਰੀਕਾ ਜਾ ਰਹੀ ਅਗਲੀ ਫ਼ਲਾਈਟ ਵਿਚ ਬਿਠਾ ਕੇ, ਵਾਪਸ ਅਮਰੀਕਾ ਭੇਜ ਦਿੱਤਾ ਗਿਆ। ਕੋਈ ਕਾਰਨ ਨਾ ਦੱਸਿਆ ਗਿਆ ਕਿ ਉਸ ਨੂੰ ਭਾਰਤ ਵਿਚ ਕਿਉਂ ਨਹੀਂ ਰੁਕਣ ਦਿੱਤਾ ਗਿਆ। ਉਹ ਅਪਣੇ ਪ੍ਰਵਾਰ ਨੂੰ ਮਿਲਣ ਲਈ ਹੀ ਆਇਆ ਸੀ।

ਅੰਗਦ ਸਿੰਘ ਦੀ ਮਾਤਾ ਨੇ ‘ਫ਼ੇਸਬੁਕ’ ਤੇ ਜਵਾਬ ਦਿਤਾ, ‘‘ਕੋਈ ਕਾਰਨ ਨਹੀਂ ਦੱਸਿਆ ਗਿਆ ਉਸ ਨੂੰ ਹਵਾਈ ਅੱਡੇ ਤੋਂ ਹੀ ਵਾਪਸ ਭੇਜ ਦੇਣ ਦਾ। ਪਰ ਸਾਨੂੰ ਪਤਾ ਹੈ, ਪੱਤਰਕਾਰੀ ਵਿਚ ਵੱਡਾ ਨਾਂ ਕਮਾਉਣ ਕਰ ਕੇ ਅਤੇ ਉਸ ਵਲੋਂ ਸੱਚ ਦੀ ਖੋਜ ਵਾਲੀਆਂ ਬਣਾਈਆਂ ਫ਼ਿਲਮਾਂ ਅਤੇ ਜੋ ਉਹਨੇ ਹੋਰ ਬਣਾਉਣੀਆਂ ਹਨ, ਉਨ੍ਹਾਂ ਤੋਂ ਡਰ ਕੇ ਉਸ ਨਾਲ ਅਜਿਹਾ ਸਲੂਕ ਕੀਤਾ ਗਿਆ ਹੈ।’’ਅੰਗਦ ਸਿੰਘ, ਅਮਰੀਕਾ ਵਿਚ ਇਕ ਵੈੱਬਸਾਈਟ ‘ਵਾਈਸ ਨਿਊਜ਼’ ਲਈ ਡਾਕੂਮੈਂਟਰੀ ਫ਼ਿਲਮਾਂ ਤਿਆਰ ਕਰਦਾ ਹੈ ਤੇ ਉਸ ਨੇ ਭਾਰਤ ਵਿਚ ਵੀ ਕਿਸਾਨ ਅੰਦੋਲਨ, ਕੋਰੋਨਾ (ਕੋਵਿਡ) ਨਾਲ ਨਜਿੱਠਣ ਵੇਲੇ ਦੇ ਮਾੜੇ ਪ੍ਰਬੰਧਾਂ ਨੂੰ ਲੈ ਕੇ ਡਾਕੂਮੈਂਟਰੀਆਂ ਬਣਾਈਆਂ ਹਨ ਜਿਨ੍ਹਾਂ ਕਰ ਕੇ ਭਾਰਤ ਸਰਕਾਰ ਉਸ ਨਾਲ ਖ਼ੁਸ਼ ਨਹੀਂ। ਉਸ ਦੀ ਮਾਤਾ ਗੁਰਮੀਤ ਕੌਰ, ਜੋ ਆਪ ਵੀ ਇਕ ਪੰਜਾਬੀ ਲੇਖਕਾ ਹੈ ਤੇ ਜਿਸ ਨੇ ਜਸਵੰਤ ਸਿੰਘ ਖਾਲੜਾ ਬਾਰੇ ਵੀ ਇਕ ਕਿਤਾਬ ਲਿਖੀ ਹੋਈ ਹੈ, ਨੇ ਕਿਹਾ ਕਿ ‘‘ਮੇਰੇ ਪੁੱਤਰ ਦਾ ਦੇਸ਼-ਪ੍ਰੇਮ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ।’’ ਅਪਣੇ ਪੁੱਤਰ ਨੂੰ ਫ਼ੇਸਬੁਕ ਰਾਹੀਂ ਸੰਦੇਸ਼ ਭੇਜਦੀ ਹੋਈ ਉਸ ਦੀ ਮਾਤਾ ਕਹਿੰਦੀ ਹੈ।




‘‘ਤੂੰ ਸਦਾ ਚੜ੍ਹਦੀ ਕਲਾ ਵਿਚ ਰਹੇਂ ਮੇਰੇ ਬੱਚੇ। ਸਿੱਖ ਵਜੋਂ ਰਹਿਣਾ ਤੇ ਉਹ ਵੀ ਇਕ ਪੱਕੇ ਗੁਰਸਿੱਖ ਵਜੋਂ ਪ੍ਰਸਿੱਧੀ ਦੀਆਂ ਉਚਾਈਆਂ ਛੂਹਣ ਵਾਲੇ ਪੱਤਰਕਾਰ ਵਜੋਂ, ਸੱਚਾਈ ਅਤੇ ਨਿਆਂ ਲਈ ਲੜਨ ਵਾਲੇ ਇਕ ਯੋਧੇ ਵਜੋਂ ਜੀਣਾ ਸੌਖਾ ਨਹੀਂ ਹੈ ਮੇਰੇ ਪੁੱਤਰ!’’

ਇਸ ਮਾਂ ਦੀ ਅਸੀਸ ਹਰ ਸਿੱਖ ਨੌਜੁਆਨ ਤਕ ਪਹੁੰਚਾਈ ਜਾਣੀ ਚਾਹੀਦੀ ਹੈ ਕਿਉਂਕਿ ਸਿੱਖ ਹੋਣ ਦਾ ਮਤਲਬ ਹੁੰਦਾ ਹੈ ਸੱਚ ਲਈ ਲੜਦੇ ਰਹਿਣਾ ਤੇ ਉਸ ਲਈ ਵੱਡੀ ਤੋਂ ਵੱਡੀ ਕੀਮਤ ਤਾਰਨ ਲਈ ਤਿਆਰ ਰਹਿਣਾ। ਨਾਲ ਹੀ ਅਪਣੇ ਕੰਮ ਵਿਚ ਸੱਭ ਤੋਂ ਅੱਗੇ ਰਹਿਣਾ ਤੇ ਪਹਿਲੇ ਨੰਬਰ ’ਤੇ ਆਉਣ ਤੋਂ ਪਹਿਲਾਂ ਨਹੀਂ ਰੁਕਣਾ।

ਮਤਲਬ ਕਿ ਬੀਬੀ ਗੁਰਮੀਤ ਕੌਰ ਨੇ ਜੋ ਕਿਹਾ ਹੈ, ਉਹ 16 ਆਨੇ ਸੱਚ ਹੈ ਅਰਥਾਤ ਪੱਕਾ ਸਿੱਖ ਹੋ ਕੇ ਸਿਆਸਤਦਾਨ ਵਜੋਂ ਵੀ ਤੇ ਪੱਤਰਕਾਰ ਵਜੋਂ ਵੀ ਜੀਣਾ ਬੜਾ ਔਖਾ ਹੈ। ਬੜਾ ਹੀ ਔਖਾ ਹੈ।ਆਪਣੀ ਪੋਸਟ ਵਿੱਚ ਗੁਰਮੀਤ ਕੌਰ ਨੇ ਲਿਖਿਆ ਹੈ ਕਿ ਜਦੋਂ ਉਹ ਪਹਿਲੀ ਵਾਰ ਮੁੰਬਈ ਤੋਂ ਅਮਰੀਕਾ ਆਏ ਸਨ ਤਾਂ ਉਨ੍ਹਾਂ ਨੇ ਇੱਕ ਸਿੱਖ ਨੌਜਵਾਨ ਨੂੰ ਦੇਖਿਆ ਸੀ ਜਿਸ ਨੂੰ ਵਾਪਸ ਭੇਜਿਆ ਜਾ ਰਿਹਾ ਸੀ ਅਤੇ ਹੁਣ ਇੱਕ ਪੀੜ੍ਹੀ ਬਾਅਦ ਉਨ੍ਹਾਂ ਦੇ ਪੁੱਤਰ ਨਾਲ ਵੀ ਅਜਿਹਾ ਹੀ ਹੋਇਆ ਹੈ। ਸਿੱਖ-ਵਿਰੋਧੀ ਲੋਕ, ਜਿੰਨੀ ਨਫ਼ਰਤ ਤੁਹਾਨੂੰ ਕਰਦੇ ਹਨ, ਉਸ ਤੋਂ ਵੱਧ ਨਫ਼ਰਤ ਤੁਹਾਨੂੰ ਸਿੱਖੀ ਦੇ ਠੇਕੇਦਾਰ ਕਰਦੇ ਹਨ ਕਿਉਂਕਿ ਤੁਹਾਡਾ ਸੱਚ ਉਨ੍ਹਾਂ ਨੂੰ ਬਹੁਤ ਦੁਖੀ ਕਰਦਾ ਹੈ ਤੇ ਤੁਹਾਡੇ ਨਾਲੋਂ ਜ਼ਿਆਦਾ ਅਧਰਮੀਆਂ ਤੇ ਕਾਮਰੇਡਾਂ ਨੂੰ ਨੇੜੇ ਰੱਖ ਕੇ ਉਹ ਖ਼ੁਸ਼ ਹੁੰਦੇ ਹਨ! ਬਿਲਕੁਲ ਸੱਚ ਕਹਿੰਦੇ ਹਨ ਅੰਗਦ ਸਿੰਘ ਦੇ ਮਾਤਾ ਬੀਬੀ ਗੁਰਮੀਤ ਕੌਰ ਜੀ!

-ਸਪੋਕਸਮੈਨ ਸਮਾਚਾਰ ਸੇਵਾ (ਚੰਡੀਗੜ੍ਹ)




# ਮੁਗਲਾਂ ਨੇ ਭਾਰਤ ਨੂੰ ਆਕਾਰ ਦਿੱਤਾ ‘ਮੈਨੂੰ ਉਨ੍ਹਾਂ ‘ਤੇ ਮਾਣ ਹੈ’ ਕਾਂਗਰਸੀ ਸੰਸਦ ਮੈਂਬਰ



ਗੁਹਾਟੀ:ਅਸਾਮ ਤੋਂ ਕਾਂਗਰਸ ਦੇ ਸੰਸਦ ਮੈਂਬਰ ਅਬਦੁਲ ਖਾਲਿਕ ਨੇ ਵਿਵਾਦਿਤ ਬਿਆਨ ਦਿੱਤਾ ਹੈ। ਸੰਸਦ ਮੈਂਬਰ ਅਬਦੁਲ ਖਾਲਿਕ ਨੇ ਕਿਹਾ ਕਿ ਮੁਗਲਾਂ ਦਓ) ਨੇ ਭਾਰਤ ਨੂੰ ਰੋਡਮੈਪ ਦਿੱਤਾ ਸੀ। ਮੁਗਲਾਂ ਨੇ ਦੇਸ਼ ਦਾ ਨਾਂ ਹਿੰਦੁਸਤਾਨ ਰੱਖਿਆ। ਮੁਗਲਾਂ ਨੇ ਹੀ ਦੇਸ਼ ਨੂੰ ਪਹਿਲੀ ਵਾਰ ਹਿੰਦੁਸਤਾਨ ਕਹਿ ਕੇ ਸੰਬੋਧਨ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਮੁਗਲਾਂ ਤੋਂ ਬਿਨਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਅਧੂਰੀ ਹੋਣੀ ਸੀ। ਮੈਨੂੰ ਉਨ੍ਹਾਂ ‘ਤੇ ਬਹੁਤ ਮਾਣ ਹੈ।ਨਿਊਜ਼ ਏਜੰਸੀ ਏਐਨਆਈ ਮੁਤਾਬਕ ਅਸਾਮ ਦੇ ਬਾਰਪੇਟਾ ਹਲਕੇ ਤੋਂ ਲੋਕ ਸਭਾ ਮੈਂਬਰ ਅਬਦੁਲ ਖਾਲਿਕ ਨੇ ਕਿਹਾ, ‘ਮੁਗਲਾਂ ਨੇ ਭਾਰਤ ਨੂੰ ਛੋਟੇ-ਛੋਟੇ ਰਾਜਾਂ ਵਿੱਚ ਵੰਡ ਕੇ ਹਿੰਦੁਸਤਾਨ ਦਾ ਰੂਪ ਦਿੱਤਾ ਸੀ। ਇਸ ਲਈ ਮੈਨੂੰ ਮੁਗਲਾਂ ‘ਤੇ ਮਾਣ ਹੈ। ਹਾਲਾਂਕਿ, ਮੈਂ ਮੁਗਲ ਨਹੀਂ ਹਾਂ, ਨਾ ਹੀ ਮੈਂ ਉਸਦੀ ਔਲਾਦ ਹਾਂ। ਉਨ੍ਹਾਂ ਨੇ ਏਕ ਹਿੰਦੁਸਤਾਨ ਨੂੰ ਰੂਪ ਦਿੱਤਾ ਹੈ।






## (ਮੁੱਖ ਪੰਨੇ ਦੀ ਬਾਕੀ) ਐਬਟਸਫੋਰਡ 'ਚ ਕਮਲਜੀਤ ਕੌਰ ਸੰਧੂ ਦੀ ਯਾਦ 'ਚ ...

ਜਿਸ ਵਿਚ ਮ੍ਰਿਤਕਾ ਦੇ ਪਤੀ ਨੂੰ ਸ਼ਰਮਨਾਕ ਕਾਰੇ ਲਈ ਫਸਟ ਡਿਗਰੀ ਮਰਡਰ ਚਾਰਜ ਅਧੀਨ ਗ੍ਰਿਫ਼ਤਾਰ ਕੀਤਾ ਗਿਆ ਹੈ। ਭਰੋਸੇਯੋਗ ਵੇਰਵਿਆਂ ਅਨੁਸਾਰ ਕਥਿਤ ਦੋਸ਼ੀ ਨੇ ਕਮਲਜੀਤ ਕੌਰ ਨੂੰ ਕੰਮ ਤੋਂ ਸੱਦਿਆ ਅਤੇ ਘਰੇ ਸੱਦ ਕੇ ਬੇਰਹਿਮੀ ਨਾਲ ਕਤਲ ਕੀਤਾ। ਹਤਿਆਰੇ ਨੇ ਮ੍ਰਿਤਕਾ ਤੇ ਤੇਜ਼ਧਾਰ ਹਥਿਆਰ ਕੁਹਾੜੇ ਦੀ ਵਰਤੋਂ ਕਰਦਿਆਂ ਗੰਭੀਰ ਜ਼ਖ਼ਮ ਕੀਤੇ, ਜੋ ਜਾਨਲੇਵਾ ਸਿੱਧ ਹੋਏ। ਐਬਸਫੋਰਡ ਵਾਸੀ ਬੀਬੀ ਸੰਤੋਸ਼ ਨੇ ਦੱਸਿਆ ਕਿ ਮ੍ਰਿਤਕ ਕਮਲਜੀਤ ਕੌਰ ਸੰਧੂ ਨੂੰ ਸਿਵਿਕ ਪਾਰਕ ਸਿਟੀ ਹਾਲ ਐਬਟਸਫੋਰਡ ਵਿਚ ਮੋਮਬੱਤੀਆਂ ਜਗਾ ਕੇ ਸ਼ਰਧਾਂਜਲੀ ਭੇਟ ਕਰਨ ਪੁੱਜੀਆਂ ਸਮੂਹ ਸ਼ਖ਼ਸੀਅਤਾਂ ਨੇ ਪੀੜਤ ਇਸਤਰੀ ਅਤੇ ਸਮੂਹ ਪਰਿਵਾਰ ਲਈ 'ਹਾਅ ਦਾ ਨਾਅਰਾ' ਮਾਰਿਆ।

## ਅਮਰੀਕਾ 'ਵੋਸਤੋਕ-2022' ਜੰਗੀ ਅਭਿਆਸ ਤੋਂ ਔਖਾ

ਵਾਸ਼ਿੰਗਟਨ:ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਯੂਕਰੇਨ ਨਾਲ ਬਿਨਾਂ ਭੜਕਾਹਟ ਅਤੇ ਵਹਿਸ਼ੀ ਜੰਗ ਛੇੜਨ ਵਾਲੇ ਰੂਸ ਨਾਲ ਫੌਜੀ ਅਭਿਆਸ ਕਰਨਾ ਚਿੰਤਾਜਨਕ ਹੈ। ਵ੍ਹਾਈਟ ਹਾਊਸ ਦਾ ਇਹ ਬਿਆਨ ਉਦੋਂ ਆਇਆ ਹੈ, ਜਦੋਂ ਰੂਸ ਨੇ 'ਵੋਸਤੋਕ 2022' ਜੰਗੀ ਮਸ਼ਕਾਂ ਦਾ ਐਲਾਨ ਕੀਤਾ ਹੈ, ਜਿਸ 'ਚ ਭਾਰਤ, ਚੀਨ ਅਤੇ ਕਈ ਦੇਸ਼ਾਂ ਦੇ 50 ਹਜ਼ਾਰ ਤੋਂ ਵੱਧ ਸੈਨਿਕ ਹਿੱਸਾ ਲੈਣਗੇ। ਰੂਸ ਨੇ ਸੋਮਵਾਰ ਨੂੰ ਕਿਹਾ ਕਿ ਫੌਜੀ ਅਭਿਆਸ 'ਵੋਸਤੋਕ 2022' 1 ਤੋਂ 7 ਸਤੰਬਰ ਤੱਕ ਕੀਤਾ ਜਾਵੇਗਾ, ਜਿਸ 'ਚ ਭਾਰਤ, ਚੀਨ ਅਤੇ ਕਈ ਦੇਸ਼ਾਂ ਦੇ 50 ਹਜ਼ਾਰ ਤੋਂ ਜ਼ਿਆਦਾ ਸੈਨਿਕ ਹਿੱਸਾ ਲੈਣਗੇ।


ਮੂਨ ਲਾਈਟ ਸਕਿਓਰਟੀ ਲਿਮ.



ਸਾਨੂੰ ਸਕਿਓਰਟੀ ਦੇ ਕੰਮ ਲਈ ਬੀ.ਐਸ.ਟੀ 1 ਅਤੇ ਬੀ.ਐਸ.ਟੀ 2 ਦੇ ਸਕਿਓਰਟੀ ਗਾਰਡਾਂ ਦੀ ਲੋੜ ਹੈ। ਤਨਖਾਹ ਵਧੀਆ ਅਤੇ ਹਰ ਦੋ ਹਫਤੇ ਬਾਅਦ ਦਿੱਤੀ ਜਾਵੇਗੀ। ਦਿਨ ਅਤੇ ਰਾਤ ਦੀ ਸ਼ਿਫਟ ਲੈ ਸਕਦੇ ਹੋ। ਕੰਮ 24 ਘੰਟੇ ਚਲਦਾ ਹੈ। ਸਕਿਓਰਟੀ ਦਾ ਕੰਮ ਸਾਰੀ ਫਰੇਜ਼ਰ ਵੈਲੀ ਵਿੱਚ ਹੈ। ਕਲਾਸ 5 ਦਾ ਲਾਇਸੰਸ ਹੋਣਾ ਜਰੂਰੀ ਹੈ ਅਤੇ ਆਪਣੀ ਕਾਰ ਹੋਣੀ ਚਾਹੀਦੀ ਹੈ।

ਹੋਰ ਜਾਣਕਾਰੀ ਲਈ ਫੋਨ ਕਰੋ:
CHARLIE SANDHU: 604-864-7711
PAUL SANDHU: 604-897-3463
ਜਾਂ ਆਪਣੇ ਰੈਜ਼ਮੇ ਫੈਕਸ ਕਰੋ:
604-852-6958



The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ    Mind is the key to the man.
NATURAL HOMEOPATHIC SOLUTIONS
Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:
- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"
Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਉਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿੱਚ

For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਪੰਜਾਬੀ, ਪੰਜਾਬੀ ਨੂੰ ਪਿਆਜ਼ ਟਮਾਟਰ ਨਹੀਂ ਵੇਚ ਸਕਦਾ, ਪਰ ਸਿਆਚਿਨ ਚੜ੍ਹ ਕੇ ਠੰਢ 'ਚ ਠਰਦਾ ਗੋਲੀਆਂ ਮਾਰਨ ਨੂੰ ਮਜਬੂਰ

ਅੱਜ ਤੋਂ 75 ਸਾਲ ਪਹਿਲਾਂ ਪੰਜਾਬ ਵਿੱਚ ਜੋ ਹੋਇਆ, ਮੈਂ ਕਿਸੇ ਬਜ਼ੁਰਗ ਨੂੰ ਘੱਟ ਹੀ ਇਹ ਕਹਿੰਦੇ ਸੁਣਿਆ ਬਈ ਸਾਨੂੰ ਆਜ਼ਾਦੀ ਮਿਲੀ ਸੀ। ਉਹ ਹਮੇਸ਼ਾ ਇਹੀ ਕਹਿੰਦੇ ਨੇ, ਉਹ ਵੇਲਾ ਜਦੋਂ ਉਜਾੜਾ ਪਿਆ ਸੀ, ਜਦੋਂ ਦੰਗੇ ਹੋਏ ਸਨ, ਜਦੋਂ ਲੁੱਟ ਪਈ ਸੀ।ਮੈਂ ਕਈ ਅਜਿਹੇ ਬਜ਼ੁਰਗਾਂ ਨੂੰ ਮਿਲਿਆ ਜਿਨ੍ਹਾਂ ਨੂੰ ਵੰਡ ਤੋਂ ਪਹਿਲਾਂ ਦਾ ਸਮਾਂ ਚੰਗੀ ਤਰ੍ਹਾਂ ਯਾਦ ਹੈ। ਉਹ ਵੇਲਾ ਯਾਦ ਕਰਕੇ ਉਹ ਹਮੇਸ਼ਾ ਹਉਕੇ ਹੀ ਭਰਦੇ ਹਨ, ਦੱਸਦੇ ਹਨ ਉਹ ਵੇਲਾ ਕਿੰਨਾ ਸੋਹਣਾ ਸੀ, ਸਿੱਖ ਸਾਡੇ ਵੀਰਾਂ ਵਰਗੇ ਸਨ। ਹਿੰਦੂ ਕੁੜੀਆਂ ਸਾਡੀਆਂ ਭੈਣਾਂ ਸਨ, ਅਸੀਂ ਰਲ ਕੇ ਗੁੱਡੀਆਂ-ਪਟੋਲੇ ਖੇਡਦੇ ਸੀ, ਉਹ ਕਦੀ-ਕਦੀ ਆਪਣੇ ਘਰ ਆਲਿਆਂ ਤੋਂ ਲੁਕ ਕੇ ਸਾਡੇ ਘਰ ਮਾਸ ਖਾਣ ਵੀ ਆ ਜਾਂਦੀਆਂ ਸਨ। ਜ਼ਾਹਰ ਹੈ ਕੱਟੜ ਲੋਕ ਵੀ ਸਨ, ਇੱਕ ਭਾਂਡੇ ਵਿੱਚੋਂ ਖਾਣਾ ਨਹੀਂ ਸਨ ਖਾਂਦੇ, ਰਿਸ਼ਤੇ ਆਪਸ ਵਿੱਚ ਨਹੀਂ ਸਨ ਕਰਦੇ, ਪਰ ਅੱਖ-ਮਟੱਕਾ ਫਿਰ ਵੀ ਲਾਈ ਰੱਖਦੇ ਸਨ। ਅਜਿਹੇ ਲੋਕ ਵੀ ਸਨ ਜਿਹੜੇ ਭਾਵੇਂ ਇੱਕ ਪਲੇਟ ਵਿੱਚੋਂ ਖਾਣਾ ਨਾ ਖਾਂਦੇ ਹੋਣ, ਬਾਹਰ ਬੈਠ ਕੇ ਇੱਕੋ ਹੀ ਬੋਤਲ ਵਿੱਚੋਂ ਦਾਰੂ ਦੇ ਘੁੱਟ ਲਾ ਲੈਂਦੇ ਸਨ ਤੇ ਇੱਕ ਹੀ ਹੁੱਕੇ ਦੀ ਨਾੜ ਤੋਂ ਸੂਟਾ ਵੀ ਖਿੱਚ ਲੈਂਦੇ ਸਨ। ਭੁੱਖਾਂ ਸਨ, ਪਰ ਸਾਂਝੀਆਂ ਸਨ, ਗੀਤ ਵੀ ਸਾਂਝੇ ਸਨ ਤੇ ਸੱਧਰਾਂ ਵੀ ਸਾਂਝੀਆਂ ਸਨ। ਬਜ਼ੁਰਗ ਜ਼ਾਹਰ ਹੈ ਝੂਠ ਨਹੀਂ ਬੋਲਦੇ, ਇਹ ਪਿਆਰ ਦੀਆਂ ਗੱਲਾਂ ਸੱਚੀਆਂ ਈ ਹੋਣਗੀਆਂ। ਪਰ ਇਹ ਸਾਰੀਆਂ ਮਿੱਠੀਆਂ ਗੱਲਾਂ ਸੁਣ ਕੇ ਜਦੋਂ ਮੈਂ ਬਜ਼ੁਰਗਾਂ ਨੂੰ ਪੁੱਛਨਾਂ ਬਈ ਜੇ ਏਡੀ ਹੀ ਸਾਂਝ ਸੀ, ਫਿਰ ਆਖਰ 75 ਸਾਲ ਪਹਿਲੇ ਹੋਇਆ ਹੀ ਕੀ ਕਿ ਐਡੇ ਗੂੜ੍ਹੇ ਸੱਜਣ ਵੈਰੀ ਕਿਉਂ ਹੋ ਗਏ?ਬਜ਼ੁਰਗ ਚੁੱਪ ਜਿਹਾ ਕਰ ਜਾਂਦੇ ਨੇ, ਫਿਰ ਦੱਸਦੇ ਨੇ ਬਈ ਕੋਈ ਰਾਤੋ-ਰਾਤ ਜੱਥੇ ਬਣੇ, ਪਹਿਲਾਂ ਉਨ੍ਹਾਂ ਦੇ ਬਣੇ, ਫਿਰ ਸਾਡੇ ਵੀ ਬਣ ਗਏ, ਉਨ੍ਹਾਂ ਨੇ ਔਰਤਾਂ, ਬੱਚੇ ਕੋਹੇ, ਕਾਫ਼ਲੇ ਲੁੱਟੇ, ਟਰੇਨਾਂ ਦੀਆਂ ਟਰੇਨਾਂ ਵੱਢ ਛੱਡੀਆਂ। ਮੈਂ ਵੀ ਬਚਪਨ ਵਿੱਚ ਇੱਕ ਖੁੰਢਾ, ਜੰਗ ਲੱਗਿਆ ਖੰਜਰ ਵੇਖਿਆ ਸੀ, ਕਿਸੇ ਵੱਡੇ ਨੇ ਕਿਹਾ, ਮੁੰਡਿਆਂ ਇਹਨੂੰ ਹੱਥ ਨਾ ਲਾ, ਇਹਦੇ 'ਤੇ ਪਤਾ ਨਹੀਂ ਕਿਹਦਾ ਖ਼ੂਨ ਲੱਗਾ ਹੋਵੇਗਾ। ਮੈਂ ਉਦੋਂ ਦਾ ਇਹੀ ਸੋਚਦਾ ਆਨਾਂ ਬਈ ਗਿਣਤੀ ਤਾਂ ਸਾਡੇ ਕੋਲੋਂ ਪੂਰੀ ਨਹੀਂ ਹੋਈ, ਪਰ ਘੱਟੋ-ਘੱਟ 15-20 ਲੱਖ ਬੰਦਾ ਤਾਂ ਅਸਾਂ ਇਸ ਆਜ਼ਾਦੀ ਲਈ ਮਾਰ ਹੀ ਛੱਡਿਆ। ਤੇ ਜਿਹੜੇ ਸਾਨੂੰ ਇਹ ਦੱਸਦੇ ਨੇ ਬਈ 'ਹਮਨੇ ਆਜ਼ਾਦੀ ਕੇ ਲੀਏ ਜਾਨੋਂ ਕੀ ਕੁਰਬਾਨੀਆਂ ਦੀ ਹੈਂ' ਉਹ ਵੀ ਮੇਰਾ ਖ਼ਿਆਲ ਪੂਰਾ ਸੱਚ ਨਹੀਂ ਬੋਲਦੇ, ਕਿਉਂਕਿ ਕਿਸੇ ਨੇ ਉਨ੍ਹਾਂ ਕੋਲੋਂ ਇਹ ਨਹੀਂ ਪੁੱਛਿਆ ਕਿ ਅਸੀਂ ਤੇਰੇ ਤੋਂ ਤੇਰੀਆਂ ਔਰਤਾਂ ਤੇ ਬੱਚੇ ਖੋਹ ਕੇ ਤੈਨੂੰ ਆਜ਼ਾਦੀ ਦੇਣ ਲੱਗੇ ਹਾਂ, ਮਨਜ਼ੂਰ ਈ। ਇੱਕ ਜਾਨਵਰ ਵੀ ਕੁਰਬਾਨ ਕਰਨਾ ਹੋਵੇ ਤਾਂ ਪੰਜ-ਸੱਤ ਗੱਭਰੂ ਚਾਹੀਦੇ ਹੁੰਦੇ ਨੇ ਉਹਨੂੰ ਢਾਹੁਣ ਲਈ ਤੇ ਆਜ਼ਾਦੀ ਵੇਲੇ ਤਾਂ ਅਸੀਂ ਪੰਦਰਾਂ-ਵੀਹ ਲੱਖ ਬੰਦਾ ਹੱਥੀਂ ਮਾਰਿਆ। ਬੰਦੂਕ ਤੇ ਬੰਬ ਤਾਂ ਉਸ ਵੇਲੇ ਸ਼ਾਇਦ ਕਿਸੇ ਪ੍ਰਧਾਨ ਕੋਲ ਹੀ ਹੋਏਗਾ, ਬਾਕੀ ਇਹ ਕੰਮ ਅਸੀਂ ਕੁਹਾੜੀਆਂ, ਬਰਛੀਆਂ, ਤਲਵਾਰਾਂ, ਡੰਡਿਆਂ ਤੇ ਦਾਤਰੀਆਂ ਨਾਲ ਕੀਤਾ। ਪੰਜਾਬ ਦੀ ਵੰਡ ਤੋਂ ਕੋਈ 200 ਕੁ ਸਾਲ ਪਹਿਲਾਂ ਬੁੱਲੇ ਸ਼ਾਹ ਕਹਿ ਗਿਆ ਸੀ ਕਿ ਪੰਜਾਬ ਵਿੱਚ ਸ਼ੱਕ-ਸ਼ੁਬੇ ਦਾ ਵੇਲਾ ਆ ਗਿਆ ਜੇ, ਹੁਣ ਪਿਛਲੇ 75 ਵਰ੍ਹਿਆਂ ਵਿੱਚ ਉਹ ਸ਼ੱਕ-ਸ਼ੁਬਾ ਸਾਡੀਆਂ ਹੱਡੀਆਂ ਵਿੱਚ ਵੜ ਗਿਆ ਹੈ। ਹੁਣ ਸਾਨੂੰ ਉਹ ਮਾਂ ਦੀ ਗੋਦੀ ਵਿੱਚ ਗੁੜ੍ਹਤੀ ਨਾਲ ਹੀ ਮਿਲ ਜਾਂਦਾ ਹੈ। ਸਾਨੂੰ ਕਦੇ ਕਿਸੇ ਨੇ ਨਹੀਂ ਦੱਸਿਆ ਬਈ '47 ਦੇ ਜੱਥੇ ਕਿੱਥੋਂ ਆਏ ਸਨ ਤੇ ਕੀਹਨੇ ਬਣਾਏ ਸਨ, ਪਰ ਹੁਣ ਆਲੇ-ਦੁਆਲੇ ਦੇਖੋ ਤਾਂ ਪਤਾ ਲੱਗੇਗਾ ਕਿ ਬਈ ਉਹੀ ਜੱਥੇ ਸਾਡੇ ਹੁਕਮਰਾਨ ਨੇ ਤੇ ਉਨ੍ਹਾਂ ਨੂੰ ਬਰਛੀਆਂ, ਕੁਹਾੜੀਆਂ ਤੇ ਦਾਤੀਆਂ ਦੀ ਲੋੜ ਕੋਈ ਨਹੀਂ। ਉਨ੍ਹਾਂ ਕੋਲ ਹੁਣ ਕੋਈ 12-14 ਹਜ਼ਾਰ ਤੋਪਾਂ, 5-7 ਹਜ਼ਾਰ ਟੈਂਕ ਤੇ ਕੋਈ ਡੇਢ ਦੋ ਹਜ਼ਾਰ ਲੜਾਕਾ ਜਹਾਜ਼ ਮੌਜੂਦ ਹਨ, ਮਿਜ਼ਾਇਲ ਬੇਹਿਸਾਬ ਹਨ ਤੇ ਐਟਮ ਬੰਬਾਂ ਦੀ ਤਾਂ ਅਸੀਂ ਕਿਸੇ ਨੂੰ ਗਿਣਤੀ ਵੀ ਨਹੀਂ ਕਰਨ ਦਿੰਦੇ। ਇਹ ਸਾਰਾ ਸਾਮਾਨ ਅਸੀਂ ਹਿੰਦੋਸਤਾਨ, ਪਾਕਿਤਸਾਨ ਨੂੰ ਮੁਕਾਉਣ ਲਈ ਨਹੀਂ ਰੱਖਿਆ, ਸਾਨੂੰ ਵੀ ਪਤਾ ਕਿ ਇਹ ਅਸੀਂ ਆਪਣੇ ਲੋਕਾਂ ਨੂੰ ਯਰਕਾਉਣ ਲਈ ਰੱਖਿਆ ਹੈ। ਪੰਜਾਬੀ, ਪੰਜਾਬੀ ਨੂੰ ਪਿਆਜ਼, ਟਮਾਟਰ ਨਹੀਂ ਵੇਚ ਸਕਦਾ, ਪਰ ਉਹ ਨੂੰ ਸਿਆਚਿਨ 'ਤੇ ਚੜ੍ਹਾ ਦਿੱਤਾ ਗਿਆ ਹੈ, ਜਿੱਥੇ ਉਹ ਠੰਢ ਵਿੱਚ ਠਰਦਾ ਵੀ ਹੈ ਤੇ ਇੱਕ ਦੂਜੇ ਨੂੰ ਫਾਇਰ ਵੀ ਮਾਰਦਾ ਹੈ। ਫਿਰ ਵੀ ਅਸੀਂ ਜੰਗਾਂ ਵਿੱਚ ਇੱਕ-ਦੂਸਰੇ ਦੇ ਓਨੇ ਲੋਕ ਨਹੀਂ ਮਾਰੇ, ਜਿੰਨੇ ਆਪੋ-ਆਪਣੇ ਘਰੀਂ ਮਾਰ ਛੱਡੇ ਨੇ। ਰਾਤ ਇੱਕ ਵਾਰ ਫਿਰ ਹਨੇਰੀ ਏ, ਜੱਥੇ ਦੋਵੇਂ ਪਾਸੇ ਫਿਰ ਇਕੱਠੇ ਹੋਏ ਨੇ, ਭੁੱਖਾਂ ਵੀ ਹੈ ਨੇ, ਪਰ ਇਹ ਵੀ ਯਾਦ ਰੱਖੋ ਕਿ ਸਾਡੀਆਂ ਭੁੱਖਾਂ ਵੀ ਸਾਂਝੀਆਂ ਨੇ, ਸਾਡੇ ਗੀਤ ਵੀ ਸਾਂਝੇ ਨੇ ਤੇ ਸਾਡੀਆਂ ਤਾਂਘਾਂ ਵੀ ਸਾਂਝੀਆਂ ਨੇ। ਰੱਬ ਰਾਖਾ!

**- ਮੁਹੰਮਦ ਹਨੀਫ਼,ਸੀਨੀਅਰ ਪੱਤਰਕਾਰ**

# ਧਰਮ ਸਥਾਨ

ਕੇਰਲਾ ਹਾਈ ਕੋਰਟ ਨੇ ਬੀਤੇ ਦਿਨੀਂ ਇਕ ਕਮਰਸ਼ੀਅਲ ਇਮਾਰਤ ਨੂੰ ਮਸਜਿਦ ਵਿਚ ਬਦਲਣ ਦੀ ਮੰਗ ਕਰਦੀ ਪਟੀਸ਼ਨ ਇਹ ਕਹਿੰਦਿਆਂ ਖਾਰਜ ਕਰ ਦਿੱਤੀ ਕਿ ਜੇ ਕੇਰਲਾ ਵਿਚ ਹੋਰ ਧਰਮ ਸਥੱਲ ਬਿਨਾਂ ਕਿਸੇ ਸੇਧ-ਲੀਹ ਦੇ ਬਣਾਉਣ ਦੀ ਆਗਿਆ ਦੇ ਦਿੱਤੀ ਜਾਂਦੀ ਹੈ ਤਾਂ ਨਾਗਰਿਕਾਂ ਦੇ ਰਹਿਣ ਲਈ ਥਾਂ ਨਹੀਂ ਬਚੇਗੀ। ਮੱਲਾਪੁਰਮ ਜ਼ਿਲ੍ਹੇ ਦੇ ਨੀਲਾਂਬਰ ਕੋਲ 'ਨੂਰੁਲ ਇਸਲਾਮ ਸੰਸਕਾਰਿਕਾ ਸੰਗਮ' ਨੇ ਇਹ ਆਗਿਆ ਮੰਗੀ ਸੀ। ਹਾਈ ਕੋਰਟ ਨੇ ਕਿਹਾਆਪਣੀ ਵਿਸ਼ੇਸ਼ ਭੂਗੋਲਿਕ ਸਥਿਤੀ ਕਾਰਨ ਕੇਰਲਾ 'ਰੱਬ ਦੀ ਧਰਤੀ' ਕਿਹਾ ਜਾਂਦਾ ਹੈ, ਪਰ ਅਸੀਂ ਧਰਮ ਸਥਾਨਾਂ ਤੇ ਉਪਾਸਨਾ ਘਰਾਂ ਤੋਂ ਆਜਿਜ਼ ਆ ਚੁੱਕੇ ਹਾਂ ਤੇ ਦੁਰਲੱਭ ਮਾਮਲਿਆਂ ਨੂੰ ਛੱਡ ਕੇ ਕਿਸੇ ਨਵੇਂ ਧਰਮ ਸਥਾਨ ਜਾਂ ਉਪਾਸਨਾ ਘਰ ਦੀ ਆਗਿਆ ਦੇਣ ਦੀ ਸਥਿਤੀ ਵਿਚ ਨਹੀ ਹਾਂ। ਜਿੱਥੋਂ ਤੱਕ ਮੌਜੂਦਾ ਮਾਮਲੇ ਦਾ ਸੰਬੰਧ ਹੈ, ਪਟੀਸ਼ਨਰ ਦੀ ਕਮਰਸ਼ੀਅਲ ਇਮਾਰਤ ਦੇ ਪੰਜ ਕਿੱਲੋਮੀਟਰ ਦੇ ਘੇਰੇ ਵਿਚ ਲੱਗਭੱਗ ਤਿੰਨ ਦਰਜਨ ਮਸਜਿਦਾਂ ਹਨ, ਫਿਰ ਵੀ ਉਹ ਇਕ ਹੋਰ ਬਣਾਉਣੀ ਚਾਹੁੰਦੇ ਹਨ। ਬੈਂਚ ਨੇ ਆਪਣੇ ਫੈਸਲੇ ਵਿਚ ਕੁਰਾਨ ਦੀਆਂ ਆਇਤਾਂ ਦਾ ਹਵਾਲਾ ਦਿੰਦਿਆਂ ਕਿਹਾਆਇਤਾਂ ਮੁਸਲਿਮ ਭਾਈਚਾਰੇ ਲਈ ਮਸਜਿਦ ਦੇ ਮਹੱਤਵ ਨੂੰ ਸਪੱਸ਼ਟ ਰੂਪ ਵਿਚ ਉਜਾਗਰ ਕਰਦੀਆਂ ਹਨ, ਪਰ ਇਨ੍ਹਾਂ ਵਿਚ ਇਹ ਨਹੀਂ ਕਿਹਾ ਗਿਆ ਕਿ ਮਸਜਿਦ ਹਰ ਨੁੱਕਰ ਵਿਚ ਜ਼ਰੂਰੀ ਹੈ। ਇਹ 'ਹਦੀਸ' ਜਾਂ ਕੁਰਾਨ ਵਿਚ ਨਹੀਂ ਕਿਹਾ ਗਿਆ ਹੈ ਕਿ ਮਸਜਿਦ ਹਰ ਮੁਸਲਮਾਨ ਦੇ ਘਰ ਦੇ ਬਗਲ ਵਿਚ ਹੋਣੀ ਚਾਹੀਦੀ ਹੈ। ਦੂਰੀ ਕੋਈ ਪੈਮਾਨਾ ਨਹੀਂ, ਪਰ ਮਸਜਿਦ ਤੱਕ ਪੁੱਜਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਨਾ ਟਾਲੇ ਜਾ ਸਕਣ ਵਾਲੀਆਂ ਹਾਲਤਾਂ ਨੂੰ ਛੱਡ ਕੇ ਕਿਸੇ ਇਮਾਰਤ ਨੂੰ ਧਰਮ ਸਥਾਨ ਵਿਚ ਬਦਲਣ ਤੋਂ ਰੋਕਣ ਦਾ ਹੁਕਮ ਜਾਰੀ ਕਰੇ। ਇਹ ਵੀ ਪਤਾ ਲਾਵੇ ਕਿ ਕੋਈ ਬਿਨਾਂ ਆਗਿਆ ਦੇ ਧਰਮ ਸਥਾਨ ਤਾਂ ਨਹੀਂ ਚਲਾ ਰਿਹਾ। ਹਾਈ ਕੋਰਟ ਨੇ ਇਹ ਅਹਿਮ ਗੱਲ ਵੀ ਕਹੀ ਕਿ ਜੇ ਹਰੇਕ ਹਿੰਦੂ, ਈਸਾਈ, ਮੁਸਲਿਮ, ਯਹੂਦੀ ਤੇ ਪਾਰਸੀ ਸਣੇ ਹੋਰਨਾਂ ਧਰਮਾਂ ਦੇ ਲੋਕ ਘਰ ਨੇੜੇ ਧਰਮ ਸਥਾਨ ਉਸਾਰਨੇ ਸ਼ੁਰੂ ਕਰ ਦੇਣ ਤਾਂ ਫਿਰਕੂ ਟਕਰਾਅ ਦੀ ਹਾਲਤ ਦਾ ਸਾਹਮਣਾ ਕਰਨਾ ਪਏਗਾ। ਕੇਰਲਾ ਵਿਚ ਉਜ ਵੀ ਧਰਮ ਸਥਾਨਾਂ ਦੀ ਗਿਣਤੀ ਹਸਪਤਾਲਾਂ ਨਾਲੋਂ ਸਾਢੇ ਤਿੰਨ ਗੁਣਾ ਵੱਧ ਹੈ। ਜੇ ਇਹ ਬਿਨਾਂ ਮਨਜ਼ੂਰੀ ਦੇ ਇਸੇ ਤਰ੍ਹਾਂ ਵਧਦੇ ਰਹੇ ਤਾਂ ਨਾਗਰਿਕਾਂ ਦੇ ਰਹਿਣ ਲਈ ਥਾਂ ਨਹੀਂ ਬਚੇਗੀ। ਕੇਰਲਾ ਹਾਈ ਕੋਰਟ ਦੇ ਫੈਸਲੇ ਨੂੰ ਸਿਰਫ ਮਸਜਿਦ ਹੀ ਨਹੀਂ, ਸਾਰੇ ਧਰਮਾਂ ਦੇ ਧਰਮ ਸਥਾਨਾਂ ਦੇ ਸੰਦਰਭ ਵਿਚ ਲਿਆ ਜਾਣਾ ਚਾਹੀਦਾ ਹੈ। ਗੱਲ ਕੇਰਲਾ ਦੀ ਨਹੀਂ, ਹਰੇਕ ਰਾਜ ਵਿਚ ਅਜਿਹੀ ਸਥਿਤੀ ਹੈ। ਇਸ ਲਈ ਮੁੱਖ ਤੌਰ 'ਤੇ ਉਹ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ, ਜਿਹੜੀਆਂ ਧਰਮ ਸਥਾਨਾਂ ਦੀਆਂ ਅੰਨ੍ਹੇਵਾਹ ਉਸਾਰੀਆਂ ਨੂੰ ਨਹੀਂ ਰੋਕਦੀਆਂ।


GARCHA Plumbing Heating & Repair Ltd.




ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ

* Hot Water Tank Replacement
* Boiler & Furnace Repair
* Drain Cleaning
* Certified Plumber

ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ

Amarjit Singh Garcha

604-306-3276

Big Or Small, We Do It All


# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

## ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

**ਸਵੇਰੇ**

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ


**ਸ਼ਾਮ ਦੇ ਦੀਵਾਨ**

ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**

ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਸਤੰਬਰ ਮਹੀਨੇ ਦੇ ਪ੍ਰੋਗਰਾਮ



ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਿਹਾੜਾ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ।

1. ਭਾਈ ਕੁਲਦੀਪ ਸਿੰਘ ਸੋਹੀ ਪਰਿਵਾਰ ਵੱਲੋਂ
2. ਨਗਰ ਬਿਲਾਸਪੁਰ ਜ਼ਿਲ੍ਹਾ ਲੁਧਿਆਣਾ ਦੀਆਂ ਸੰਗਤਾਂ ਵੱਲੋਂ

ਇਹ ਦੋਨੋਂ ਅਖੰਡਪਾਠ ਸਾਹਿਬ 2 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 4 ਸਤੰਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

*2 ਸਤੰਬਰ ਦਿਨ ਸ਼ੁੱਕਰਵਾਰ ਅਨੰਦਕਾਰਜ ਕਾਕਾ ਅਰਜਨ ਸਿੰਘ ਔਲਖ ਅਤੇ ਬੱਚੀ ਲਵਲੀਨ ਕੌਰ ਦਾ ਹੋਵੇਗਾ।

*3 ਸਤੰਬਰ ਦਿਨ ਸ਼ਨਿਚਰਵਾਰ ਨੂੰ ਅਨੰਦਕਾਰਜ ਕਾਕਾ ਸੁਖਜਿੰਦਰ ਸਿੰਘ ਅਤੇ ਬੱਚੀ ਹਰਪ੍ਰੀਤ ਕੌਰ ਭੱਟੀ ਦਾ ਹੋਵੇਗਾ।

*3 ਸਤੰਬਰ ਦਿਨ ਸ਼ਨਿਚਰਵਾਰ ਨੂੰ ਸਵ. ਭਾਈ ਮੁਖਤਿਆਰ ਸਿੰਘ ਬੜੈਚ ਦਾ ਦੁਪਹਿਰ 12.30 ਵਜੇ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਗੁਰੂਘਰ ਵਿਖੇ ਦੁਪਹਿਰ 2 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

*4 ਸਤੰਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਬੀਬੀ ਕਮਲੇਸ਼ ਕੌਰ ਪਰਿਵਾਰ ਵੱਲੋਂ ਆਪੋਣੀ ਬੇਟੀ ਜਸ਼ਨਪ੍ਰੀਤ ਕੌਰ ਦੇ 16ਵੇਂ ਜਨਮਦਿਨ ਦੀ ਖੁਸ਼ੀ ਵਿਚ ਹੋਵੇਗੀ।

*4 ਸਤੰਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:

1. ਭਾਈ ਸੁਖਵਿੰਦਰ ਸਿੰਘ ਪਰਿਵਾਰ ਵੱਲੋਂ ਆਪਣੀ ਬੇਟੀ ਤਕਦੀਰ ਕੌਰ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿਚ
2. ਭਾਈ ਪ੍ਰਭਜੀਤ ਸਿੰਘ ਪਰਿਵਾਰ ਵੱਲੋਂ ਆਪਣੇ ਬੇਟੇ ਫਤਹਿ ਸਿੰਘ ਦੇ ਜਨਮ ਦਿਨ ਦੀ ਖੁਸ਼ੀ ਵਿਚ ਹੋਵੇਗੀ।

*8 ਸਤੰਬਰ ਦਿਨ ਵੀਰਵਾਰ ਨੂੰ ਅਖੰਡਪਾਠ ਸਾਹਿਬ ਦੀ ਸੇਵਾ ਭਾਈ ਲਖਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ, ਪਾਠ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 10 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਪਾਏ ਜਾਣਗੇ ਅਤੇ ਕੀਰਤਨ ਸਜਣਗੇ।

*8 ਸਤੰਬਰ ਦਿਨ ਵੀਰਵਾਰ ਨੂੰ ਸ. ਗੁਰਮੇਲ ਸਿੰਘ ਢੰਡਾ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 1 ਵਜੇ ਹੋਵੇਗਾ। ਉਪਰੰਤ ਪਰਿਵਾਰ ਵੱਲੋਂ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਗੁਰੂਘਰ ਵਿਖੇ ਦੁਪਹਿਰ 2.30 ਵਜੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਕੀਰਤਨੀ ਜਥੇ:ਭਾਈ ਪਰਮਜੀਤ ਸਿੰਘ ਬੰਗਿਆਂ ਵਾਲਿਆਂ ਦਾ ਜਥਾ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ     ਕਥਾਵਾਚਕ:ਭਾਈ ਨਿਸ਼ਾਨ ਸਿੰਘ ਜੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**

**ਫੋਨ:604-590-3232, 778-713-5121, 604-590-3224, ਫੈਕਸ:604-572-3276**

# ਤਾਈਵਾਨ ਦੇ ਲੋਕ ਭਾਰਤੀਆਂ ਨਾਲ ਨਫ਼ਰਤ ਕਰਦੇ ਹਨ, ਕਿਉਂ?

ਤਾਈਵਾਨ ‘ਚ ਕਰੀਬ ਇਕ ਸਾਲ ਬਿਤਾਉਣ ਤੋਂ ਬਾਅਦ ਇਕ ਭਾਰਤੀ ਸੱਜਣ ਦੀ ਕਈ ਲੋਕਾਂ ਨਾਲ ਦੋਸਤੀ ਹੋ ਗਈ, ਪਰ ਫਿਰ ਵੀ ਉਸ ਨੂੰ ਲੱਗਦਾ ਸੀ ਕਿ ਉੱਥੇ ਦੇ ਲੋਕ ਉਸ ਤੋਂ ਕੁਝ ਦੂਰੀ ਬਣਾ ਕੇ ਰੱਖਦੇ ਹਨ। ਕਦੇ ਕਿਸੇ ਦੋਸਤ ਨੇ ਉਸਨੂੰ ਆਪਣੇ ਘਰ ਚਾਹ ਲਈ ਨਹੀਂ ਬੁਲਾਇਆ ਸੀ।

ਉਹ ਇਸ ਗੱਲ ਤੋਂ ਬਹੁਤ ਚਿੰਤਤ ਸੀ, ਇਸ ਲਈ ਆਖਰਕਾਰ ਉਸ ਨੇ ਕਿਸੇ ਨਜ਼ਦੀਕੀ ਦੋਸਤ ਨੂੰ ਪੁੱਛਿਆ, ਕੀ ਕਾਰਨ ਤੁਸੀ ਲੋਕ ਭਾਰਤੀਆਂ ਨਾਲ ਘੁਲਦੇ ਮਿਲਦੇ ਨਹੀਂ ..?

ਥੋੜੀ ਜਿਹੀ ਹਿਚਕਚਾਹਟ ਤੋਂ ਬਾਅਦ ਉਸ ਦੋਸਤ ਨੇ ਜੋ ਕਿਹਾ, ਸੁਣ ਕੇ ਉਸ ਭਾਰਤੀ ਸੱਜਣ ਦੇ ਹੋਸ਼ ਉੱਡ ਗਏ।

ਤਾਈਵਾਨੀ ਦੋਸਤ ਨੇ ਪੁੱਛਿਆ:

“200 ਸਾਲ ਰਾਜ ਕਰਨ ਲਈ ਕਿੰਨੇ ਅੰਗਰੇਜ਼ ਭਾਰਤ ਵਿੱਚ ਰਹੇ?”

ਭਾਰਤੀ ਸੱਜਣ ਨੇ ਕਿਹਾ ਕਿ ਲਗਭਗ “10,000” ਦੇ ਕਰੀਬ ਹੋਣਗੇ!

“ਫਿਰ 32 ਕਰੋੜ ਲੋਕਾਂ ‘ਤੇ ਕਿਸਨੇ ਤਸ਼ੱਦਦ ਕੀਤਾ?

ਉਹ ਤੁਹਾਡੇ ਆਪਣੇ ਲੋਕ ਸਨ, ਹੈ ਨਾ?

ਜਦੋਂ ਜਨਰਲ ਡਾਇਰ ਨੇ “ਫਾਇਰ” ਕਰਨ ਲਈ ਕਿਹਾ ਤਾਂ 1300 ਨਿਹੱਥੇ ਲੋਕਾਂ ‘ਤੇ ਗੋਲੀ ਕਿਸਨੇ ਚਲਾਈ? ਉਸ ਸਮੇਂ ਅੰਗਰੇਜ਼ ਫ਼ੌਜ ਉੱਥੇ ਨਹੀਂ ਸੀ।

ਇੱਕ ਵੀ ਬੰਦੂਕਧਾਰੀ (ਸਾਰੇ ਭਾਰਤੀਆਂ) ਨੇ ਪਿੱਛੇ ਮੁੜ ਕੇ ਜਨਰਲ ਡਾਇਰ ਨੂੰ ਕਿਉਂ ਨਹੀ ਨਿਸ਼ਾਨਾ ਬਣਾਇਆ?

ਉਸਨੇ ਬਸ ਪੁੱਛਿਆ- ਕੀ ਤੁਸੀਂ ਦੱਸ ਸਕਦੇ ਹੋ ਕਿ ਭਾਰਤ ਵਿੱਚ ਕਿੰਨੇ ਮੁਗਲ ਆਏ ਸਨ? ਉਹਨਾਂ ਨੇ ਭਾਰਤ ‘ਤੇ ਕਿੰਨੇ ਸਾਲ ਰਾਜ ਕੀਤਾ?

ਅਤੇ ਭਾਰਤ ਨੂੰ ਗੁਲਾਮ ਬਣਾ ਕੇ ਰੱਖਿਆ! ਅਤੇ ਆਪਣੇ ਹੀ ਲੋਕਾਂ ਨੂੰ ਧਰਵਾਸ ਦੇ ਕੇ, ਉਹਨਾਂ ਨੂੰ ਆਪਣੇ ਵਿਰੁਧ ਖੜ੍ਹਾ ਕਰ ਦਿੱਤਾ, ਜੋ ‘ਕੁਝ’ ਪੈਸਿਆਂ ਦੇ ਲਾਲਚ ਵਿੱਚ, ਆਪਣੇ ਹੀ ਲੋਕਾਂ ‘ਤੇ ਤਸ਼ੱਦਦ ਕਰਨ ਲੱਗੇ! ਅਜ਼ੀਜ਼ਾਂ ਨਾਲ ਹੀ ਬਦਸਲੂਕੀ ਕਰਨ ਲੱਗ ਪਏ! ‘ਤਾਂ ਮੇਰੇ ਦੋਸਤ, ਤੁਹਾਡੇ ਹੀ ਲੋਕ ਸਦੀਆਂ ਤੋਂ ਤੁਹਾਡੇ ਆਪਣੇ ਹੀ ਲੋਕਾਂ ਨੂੰ ਮਾਰ ਰਹੇ ਹਨ, ਸਿਰਫ ਕੁਝ ਪੈਸੇ ਲਈ?

ਆਪਣਾ ਸੁਆਰਥ, ਧੋਖਾ, ਮੱਕਾਰੀ , ਮਤਲਬਖੋਰੀ, ਰਿਸ਼ਵਤਖ਼ੋਰੀ ਤੁਹਾਡੇ ਖ਼ੂਨ ਵਿੱਚ ਹੈ। ‘ਆਪਣੇ ਦੁਸ਼ਮਣਾਂ ਨਾਲ ਦੋਸਤੀ ਕਰੋ ਅਤੇ ਆਪਣੇ ਭਰਾਵਾਂ ਨੂੰ ਧੋਖਾ ਦਿਓ’। ਅਸਲ ਵਿੱਚ ਇਹ ਮਾਨਸਿਕਤਾ ਤੁਹਾਡੇ ਭਾਰਤੀਆਂ ਦੀ..! ਅਸੀਂ ਲੋਕ ਸੱਚਮੁੱਚ ਇਸ ਮਤਲਬਖੋਰੀ ਨੂੰ ਨਫ਼ਰਤ ਕਰਦੇ ਹਾਂ!

ਉਸ ਨੇ ਕਿਹਾ ਕਿ, “ਜਦੋਂ ਅੰਗਰੇਜ਼ ਹਾਂਗਕਾਂਗ ਵਿੱਚ ਆਏ ਸਨ, ਸਾਡਾ ਇੱਕ ਵੀ ਵਿਅਕਤੀ ਉਨ੍ਹਾਂ ਦੀ ਫੌਜ ਵਿੱਚ ਭਰਤੀ ਨਹੀਂ ਹੋਇਆ ਕਿਉਂਕਿ ਸਾਡੇ ਵਿੱਚ ਆਪਣੇ ਹੀ ਲੋਕਾਂ ਨਾਲ ਲੜਨ ਦੀ ਹਿੰਮਤ ਨਹੀਂ ਸੀ?”

ਇਹ ਭਾਰਤੀਆਂ ਦਾ ਦੰਭੀ ਚਰਿੱਤਰ ਹੈ ਕਿ ਬਹੁਤੇ ਭਾਰਤੀ ਬਿਨਾਂ ਸੋਚੇ ਸਮਝੇ, ਪੂਰੀ ਤਰ੍ਹਾਂ ਵਿਕਣ ਲਈ ਤਿਆਰ ਰਹਿੰਦੇ ਹਨ? ਅਤੇ ਅੱਜ ਵੀ ਭਾਰਤ ਵਿੱਚ ਅਜਿਹਾ ਹੀ ਚੱਲ ਰਿਹਾ ਹੈ। ਵਿਰੋਧ ਹੋਵੇ ਜਾਂ ਕੋਈ ਹੋਰ ਮੁੱਦਾ, ਦੇਸ਼ ਵਿਰੋਧੀ ਗਤੀਵਿਧੀਆਂ ਹੋਣ ਜਾਂ ਆਪਣੇ ਫਾਇਦੇ ਲਈ ਗੋਰਖਧੰਦਾ, ਭਾਰਤ ਦੇ ਲੋਕ ਹਮੇਸ਼ਾ ਰਾਸ਼ਟਰ ਹਿੱਤ ਨੂੰ ਦੂਜਾ ਸਥਾਨ ਦਿੰਦੇ ਹਨ।

ਤੁਹਾਡੇ ਲਈ “ਮੈਂ ਅਤੇ ਮੇਰਾ ਪਰਿਵਾਰ” ਸਭ ਤੋਂ ਪਹਿਲਾਂ ਆਉਂਦਾ ਹੈ। “ਸਮਾਜ ਅਤੇ ਦੇਸ਼” ਜਾਵੇ ਢੱਠੇ ਖੂਹ ‘ਚ..! ਇਹ ਕੌੜਾ ਸੱਚ ਸੁਣ ਭਾਰਤੀ ਮਿੱਤਰ ਦੇ ਚਿਹਰੇ ਤੇ ਪਸੀਨਾ ਆ ਗਿਆ। -ਜਸਵਿੰਦਰ ਲੱਖਣਾਂ


New Healing Touch Accupressure

(Practising Chandel’s Method)

We Cure: Back Pain, Neck/Shoulder, Sciatica Pain, Stress, Migraine Pain, Digestive Disorder, Solar Plexus, Asthma, Depression, Anxiety Infertility/Conception, Fibromyalgia, Slipped Disk, Cervical Spondylitis, leg/Knee Pain, Tensions, Headaches, Constipation, Fatigue, Arthritis, Obesity, Parkinson’s Disease, High Blood pressure, Minieres, harmonal imbalance, (M.S) Muscular Dystrophy, Stroke, Cancer and much more...

We Specialize in Ladies & Children Problems

Height Increase & Conception Cases

- Quick Checkup and Effective Relief
- No Medication, No Needles
- No Side Effects
- All Natural Form Of Healing



Experience The Most Powerful Whole Body Detoxification Exiting In The World

First Consultation FREE

Dr. Sukhpal Sangha (M.D.A)
Certified Accupressurist,
Director OF International Accupressure Medical Accosiation USA

Email: sanghasukhpal@gmail.com

604-857-2806


# ਰੂਸੀ ਤੇਲ ਇੰਪੋਰਟ ਉਤੇ ਭਾਰਤ ਦੀ ਨਿੰਦਾ ਕਰਨਾ ਪੱਛਮੀ ਦੇਸ਼ਾਂ ਦਾ ਦੋਹਰਾ ਮਾਪਦੰਡ:ਰੂਸ

ਨਵੀਂ ਦਿੱਲੀ: ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਕਿਹਾ ਕਿ ਉਨ੍ਹਾਂ ਦੇ ਦੇਸ਼ ਤੋਂ ਕੱਚੇ ਤੇਲ ਦੀ ਇੰਪੋਰਟ ਲਈ ਭਾਰਤ ਦੀ ਆਲੋਚਨਾ ਕਰਨਾ, ਪਰ ‘ਆਪਣੀਆਂ ਗ਼ੈਰ-ਕਾਨੂੰਨੀ ਪਾਬੰਦੀਆਂ’ ਤੋਂ ਆਪਣੇ ਆਪ ਨੂੰ ਛੋਟ ਦੇਣਾ ਪੱਛਮੀ ਦੇਸ਼ਾਂ ਦਾ ਸਿਧਾਂਤਹੀਣ ਰੁਖ ਤੇ ਦੋਹਰਾ ਮਾਪਦੰਡ ਹੈ।ਇਸ ਬਾਰੇ ਰੂਸੀ ਰਾਜਦੂਤ ਨੇ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ ਕਿ ਭਾਰਤ ਅਤੇ ਰੂਸ ਵਿਚਾਲੇ ਵਪਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਭੁਗਤਾਨ ਦੇ ਕਈ ਸਿਸਟਮ ਮੌਜੂਦ ਹਨ ਅਤੇ ਏਸ਼ੀਆ ਅਤੇ ਪੱਛਮੀ ਏਸ਼ੀਆ ਵਿੱਚ ਵਿਹਾਰਕ ਬਦਲ ਪੇਸ਼ ਕਰਨ ਵਾਲੇ ਕੁਝ ‘ਭਾਈਵਾਲਾਂ’ ਨਾਲ ਤੀਜੇ ਦੇਸ਼ਾਂ ਦੀਆਂ ਕਰੰਸੀਆਂ ਦੀ ਵਰਤੋਂ ਕਰਨ ਦੀ ਵੀ ਬਦਲ ਹੈ।ਇਤਿਹਾਸਕ ਤੌਰ ਉੱਤੇ ਭਾਰਤ ਲਈ ਬਾਇਓ ਫਿਊਲ ਦਾ ਵੱਡਾ ਸਰੋਤ ਰੂਸ ਨਹੀਂ ਰਿਹਾ, ਪਰ ਪਿਛਲੇ ਕੁਝ ਮਹੀਨਿਆਂ ਵਿੱਚ ਰਿਆਇਤੀ ਦਰਾਂ ਉੱਤੇ ਰੂਸੀ ਕਰੂਡ ਦੀ ਇੰਪੋਰਟਵਿੱਚ ਭਾਰੀ ਵਾਧਾ ਦੇਖਿਆ ਹੈ, ਜਦੋਂ ਕਿ ਪੱਛਮੀ ਦੇਸ਼ ਇਸ ਉੱਤੇ ਇਤਰਾਜ਼ ਕਰਦੇ ਹਨ। ਅਲੀਪੋਵ ਨੇ ਕਿਹਾ,‘‘ਭਾਰਤ ਦੀ ਆਲੋਚਨਾ ਕਰਨ ਵਾਲੇ ਪੱਛਮੀ ਦੇਸ਼ ਆਪਣੀਆਂ ਗੈਰ-ਕਾਨੂੰਨੀ ਪਾਬੰਦੀਆਂ ਤੋਂ ਛੋਟ ਦੇ ਕੇ ਰੂਸੀ ਊਰਜਾ ਸਰੋਤ ਖੁਦ ਸਰਗਰਮੀ ਨਾਲ ਖਰੀਦਣ ਬਾਰੇ ਨਾ ਸਿਰਫ ਚੁੱਪ ਵੱਟ ਰਹੇ ਹਨ, ਸਗੋਂ ਅਜਿਹਾ ਕਰ ਕੇ ਉਹ ਸਿਧਾਂਤਕ ਰੁਖ ਅਤੇ ਦੋਹਰੇ ਮਾਪਦੰਡਾਂ ਦੀ ਵੀ ਉਲੰਘਣਾ ਕਰ ਰਹੇ ਹਨ।


JSW TRANSPORT LTD.

Canada & US Customs Bonded Carrier




Call for more information at 604-595-1555 or FAX:800-556-2026

Email:info@jswtransport.com

***Top Quality *Friendly Service * On Time & Free Delivery**

ਲੋਕਾਂ ਦੀ ਪੁਰਜੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

**7743-128St Surrey, BC (Opposite to Subway)**




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













**Foam Mattress**



Single $99 Double $129 Queen $149

**Matresses**



Single $149.00 Double $249.00
Queen $299.00




ਗੌਦਰੇਜ
ਦੀ ਅਲਮਾਰੀ
ਕੀਮਤ
$599.00

**Paul Narwal & Patrick 604-503-4457 ਜਾਂ 236-868-1628**

# HOSPITAL TO HOME

Qualicare®




## ਸਰੀ/ਡੈਲਟਾ/ਵਾਈਟ ਰੌਕ 'ਚ ਹੋਮ ਨਰਸਿੰਗ ਕੇਅਰ ਸੇਵਾਵਾਂ ਉਪਲਬਧ

ਸਰੀ ਵਿੱਚ ਹੋਮ ਕੇਅਰ (ਨਰਸਿੰਗ) ਸੇਵਾਵਾਂ ਸਬੰਧੀ ਨਵੀਂ ਕੰਪਨੀ 'ਕੁਆਲੀ ਕੇਅਰ ਹੋਮ ਕੇਅਰ ਸਰਵਿਸਿਜ' ਨੇ ਸਰੀ, ਡੈਲਟਾ ਅਤੇ ਵਾਈਟ ਰੌਕ ਦੇ ਵਸਨੀਕਾਂ ਲਈ ਆਪਣੀਆਂ ਸੇਵਾਵਾਂ 18 ਅਪ੍ਰੈਲ ਤੋਂ ਸ਼ੁਰੂ ਕਰ ਦਿੱਤੀਆਂ ਹਨ। ਕੰਪਨੀ ਦੀ ਪ੍ਰਮੁੱਖ ਸ਼ੈਲੀ ਪਟੇਲ ਜਿਨ੍ਹਾਂ ਨੂੰ ਹੈਲਥ ਕੇਅਰ ਸੈਕਟਰ ਵਿੱਚ ਲੰਬਾ ਤਜ਼ਰਬਾ ਹੈ ਨੇ ਦੱਸਿਆ ਕਿ ਦੁਰਘਟਨਾ ਤੋਂ ਬਾਅਦ ਹਸਪਤਾਲ ਵਿੱਚੋਂ ਛੁੱਟੀ ਮਿਲ ਜਾਣ ਉਪਰੰਤ ਵੀ ਤੰਦਰੁਸਤ ਹੋਣ ਤੱਕ ਦੇ ਸਮੇਂ, ਬਿਮਾਰ ਵਿਅਕਤੀਆਂ, ਅਲਜ਼ਾਈਮਰ ਅਤੇ ਹੋਰ ਗੰਭੀਰ ਰੋਗਾਂ ਦੇ ਮਰੀਜ਼ਾਂ ਲਈ ਅਤੇ ਬਜ਼ੁਰਗ ਜਿਨ੍ਹਾਂ ਨੂੰ ਘਰ ਵਿੱਚ ਹੀ ਨਰਸਿੰਗ ਅਤੇ ਸੇਵਾ ਸੰਭਾਲ ਦੀ ਲੋੜ ਹੈ, ਨੂੰ ਵਿਸ਼ਵ ਪੱਧਰੀ ਕੁਆਲਟੀ, ਵਾਜ਼ਿਬ ਰੇਟ ਅਤੇ 24/7 ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।



## Hospital to Home

### Get Well . Get Home . Get Back To Life

From the very first phone call we'll help you get the right care that fits your life. Our Care Experts are always available

**So call 1 778-735-2474**

or visit qualicare.com/deltasurrey to get started.

**Step 1: GET WELL**

**Hospital staff are often overworked, making it a challenge to attend to all their patients' needs. We can begin private care in the hospital to help you or your loved one get home more quickly.**

**Step 2: GET HOME**

**Being medically stable enough to be discharged from the hospital rarely means that rehabilitating patients can return to life as normal right away. We'll help your family plan for a safe return home.**

**Step 3: GET BACK TO LIFE**

**The last thing anyone wants is readmission to the hospital. So, we'll provide the care needed now and adjust appropriately as independence is regained or circumstances evolve.**

## ਸੇਵਾਵਾਂ ਦੇ ਵਿਸਥਾਰ ਅਤੇ ਰਜਿਸਟਰੇਸ਼ਨ ਲਈ ਸੰਪਰਕ ਕਰੋ:ਸ਼ੈਲੀ ਪਟੇਲ

## 778-735-2474 ਜਾਂ 604-782-5605

**For more information on Qualicare of Delta, Surrey and White Rock, please visit https://www.qualicare.com/deltasurrey/ or call 778-735-2474/604-782-5605**

# SHRI GURU RAVIDASS SABHA VANCOUVER

(Est. 1982)

## 5TH ANNUAL SPORTS TOURNAMENT

Dedicated to

## 40TH ANNIVERSARY CELEBRATIONS

**Sunday September 11th, 2022 .....9:00AM - 8:00PM**

**LEWARNE PARK** 5485 Rumble St, (Corner of Macpherson St.) Burnaby, BC V5J 2B7

**LANGAR WILL BE SERVED DURING THE EVENT**

**SEVADAR:** Satpal Chahal, Harvinder Lalli, Raj Bangar, Bimal Bains, Rajinder Chumber, Balbir Heer, Talwinder Mahey, Tinu Badhan, Gurdip Birdi





## EVENTS CONTACT LIST

**SOCCER:**
Gopal Lohia 778-862-4550, Harjinder Jassal 778-322-4120

**ATHLETICS**
Amrik Pour 604-722-4042, Surjit Bains 778-388-9046

**WEIGHTLIFTING:**
Sammy Toora 604-603-8011, Jasvir Singh 778-839-5438

**WRESTLING**
Dilbag Rai 604-836-8499, Navi Beesla 778-846-0083

**BASKET BALL**
Surinder Sandhu 778-788-0357, Harry Basra 604-842-1330

**VOLLEYBALL**
Parm Kainth 778-708-4236, Laddi Jassal 778-885-8115

**TUG OF WAR**
Harmesh Owan 778-929-4235, Nirmal Mall 778-228-7530

ਗੁਰੂ ਪਿਆਰੀ ਸਾਧ-ਸੰਗਤ ਜੀ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ ਵੱਲੋਂ 40ਵੀਂ ਵਰ੍ਹੇਗੰਢ ਮਨਾਈ ਜਾ ਰਹੀ ਹੈ। ਇਸ ਦੇ ਸੰਬੰਧ ਵਿਚ ਸਭਾ ਵੱਲੋਂ ਪੰਜਵਾਂ ਸਾਲਾਨਾ ਸਪੋਰਟਸ ਟੂਰਨਾਮੈਂਟ **(Men & Women) Burnaby South School 5485 Rumble Street** ਵਿਖੇ 11 ਸਤੰਬਰ, 2022 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਸਵੇਰੇ 9 ਵਜੇ ਤੋਂ ਸ਼ਾਮ 8 ਵਜੇ ਤੱਕ ਵਾਲੀਬਾਲ, ਬਾਸਕਟਬਾਲ, ਸੌਕਰ, ਰੈਸਲਿੰਗ, ਵੇਟ ਲਿਫਟਿੰਗ, ਰੱਸਾ- ਕੱਸੀ ਅਤੇ ਦੌੜਾਂ ਦੇ ਮੁਕਾਬਲੇ ਹੋਣਗੇ।

**A sports tournament will be held on September 11, 2022 at Lewarne Park, located on the corner of Rumble and MacPherson Burnaby South School 5485 Rumble Street Burnaby.**

*Performances By: SimranKaur, Pawanjot Bhatia (Jamla), Vicky Moranwalia, Pamma Sunner & others*

**MAIN SPONSORS:**
Satnam Saroya, Shinda Aheer, Barjinder Bhatti, Ram Saroop Chandar, Ranjit Jhalli, Bittu Painter, Dharampal Kajal, Ved Kaler

**For More Information:**
Gopal Lohia 778-862-4550, Lamber Rao 604-649-3286
Rattan Paul 778-772-2101, Jaswinder (Titu)778-999-4930

President
BILL BASRA 604-725-4048
Vice Presidents:
HUKAM CHAND 604-364-7890
2nd Vice Presidents:
PARMJIT S. KAINTH 604-773-9393

General Secretary
GURMUKH SINGH SIDHU
778-898-6813
Assistant Secretary:
ARONJIT LAGERI 778-251-2138

Treasurer
HARBHAJAN LAL MAHEY
604-724-5333
Assistant Treasurer:
RAJKUMAR BANGER 778-227-2459

BOARD OF DIRECTORS:
Harvinder Lalli, Santokh Ram Jassal, Parmjeet Saroya, Rajesh Kumar Toora, Surinder Kalsi, Balmukand Singh

BOARD OF TRUSTEES
Gurbaksh Singh Dhanda, Makhan Ram Chamba, Harjinder Singh Sahni, Shingara Ram Aujla, Sudershan Kumar Ardhawa, Piara Singh Hira, Prem Nath Mall


Wishing all Canadian a fun-filled and safe
LABOUR DAY
WEEKEND
HON. HARJIT
SAJJAN MP
Vancouver South
6406 Victoria Drive
Vancouver, B.C. V5P 3X7
Telephone: 604-775-5323
Email: Harjit.sajjan@parl.gc.ca


DREAM BANQUET HALL
Now Opened
Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events
For Bookings, Contact:
Capacity
350-375 seats
Ph:604-203-7272
7236 -120St, Surrey, BC
Email:info@dreambanquethall.ca

# ਮਾਣਯੋਗ ਮੰਤਰੀ ਕਮਲ ਖੈਰਾ ਗੁਰਦਵਾਰਾ ਨਾਨਕ ਨਿਵਾਸ ਪਹੁੰਚੇ

ਰਿਚਮੰਡ(ਬਲਵੰਤ ਸਿੰਘ ਸੰਘੇੜਾ):-22 ਅਗਸਤ, ਦਿਨ ਸੋਮਵਾਰ, ਕੈਨੇਡਾ ਦੇ ਸੀਨੀਅਰਜ ਮੰਤਰੀ ਮਾਣਯੋਗ ਕਮਲ ਖੈਰਾ ਆਪਣੀ ਰਿਚਮੰਡ ਫੇਰੀ ਸਮੇਂ ਗੁਰਦਵਾਰਾ ਨਾਨਕ ਨਿਵਾਸ, ਨੰਬਰ ਪੰਜ ਰੋਡ ,ਰਿਚਮੰਡ ਵਿਖੇ ਨਤਮਸਤਕ ਹੋਏ।ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ। ਕਮਲ ਦੇ ਨਾਲ ਸਟੀਵਸਟਨ-ਰਿਚਮੰਡ ਈਸਟ ਦੇ ਮੈਂਬਰ ਪਾਰਲੀਮੈਂਟ ਪਰਮ ਬੈਂਸ ਭੀ ਆਏ। ਅਸਲ ਵਿਚ ਅਸੀਂ ਪਰਮ ਬੈਂਸ ਦੇ ਧੰਨਵਾਦੀ ਹਾਂ ਜਿਹਨਾਂ ਨੇ ਕਮਲ ਖੈਰਾ ਨੂੰ ਰਿਚਮੰਡ ਅਤੇ ਗੁਰਦਵਾਰਾ ਸਾਹਿਬ ਵਿਖੇ ਲਿਆਂਦਾ। ਮੰਤਰੀ ਕਮਲ ਖੈਰਾ ਬਹੁਤ ਹੀ ਨਿੱਘੇ ਸੁਭਾ ਵਾਲੇ , ਮਿਲਣ ਸਾਰ ਅਤੇ ਸੂਜਵਾਨ ਵਿਅਕਤੀ ਹਨ। ਗੁਰੂ ਘਰ ਵਿਖੇ ਨਤਮਸਤਕ ਹੋਣ ਤੋਂ ਬਾਅਦ ਉਹਨਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਉਬੇਦ ਸਿੰਘ ਸਿੱਧੂ, ਮੀਤ ਪ੍ਰਧਾਨ ਬਲਬੀਰ ਸਿੰਘ ਜਵੰਦਾ, ਜਨਰਲ ਸਕੱਤਰ ਬਲਵੰਤ ਸਿੰਘ ਸੰਘੇੜਾ ਅਤੇ ਹੋਰ ਕਮੇਟੀ ਮੈਂਬਰਾਂ ਨਾਲ ਵਿਚਾਰ ਵਟਾਂਦਰਾ ਕੀਤਾ।ਕਮਲ ਨੇ ਫੈਡਰਲ ਗੌਰਮੈਂਟ ਵਲੋਂ ਸੀਨਅਰਜ ਵਾਰੇ ਪ੍ਰੋਗਰਾਮਾਂ ਉੱਪਰ ਰੌਸ਼ਨੀ ਪਾਈ।ਉਹਨਾਂ ਆਖਿਆ ਕਿ ਬਜ਼ੁਰਗ ਕੈਨੇਡਾ ਦਾ ਮਾਣ ਹਨ ਅਤੇ ਗੌਰਮੈਂਟ ਉਹਨਾਂ ਦਾ ਕੈਨੇਡਾ ਵਿਚ ਪਾਏ ਯੋਗਦਾਨ ਦੀ ਬਹੁਤ ਕਦਰ ਕਰਦੀ ਹੈ। ਅਸੀਂ ਮੰਤਰੀ ਕਮਲ ਖੈਰਾ ਅਤੇ ਪਰਮ ਬੈਂਸ ਦੇ ਇਸ ਉਪਰਾਲੇ ਲਈ ਬਹੁਤ ਧੰਨਵਾਦੀ ਹਾਂ।



ਖੱਬਿਉਂ ਸੱਜੇ: ਪਰਮ ਬੈਂਸ, ਕਮਲ ਖੈਰਾ, ਬਲਵੰਤ ਸਿੰਘ ਸੰਘੇੜਾ,ਸਤਵੰਤ ਕੌਰ ਜਰਮਾਨਾਂ ਅਤੇ ਨਿਰਮਲ ਕੌਰ ਸਿੱਧੂ

# ਸੁਤੰਤਰਤਾ ਦਿਵਸ ਦਾ ਜਸ਼ਨ



ਸਰੀ:-ਭਾਰਤ ਦਾ 75ਵਾਂ ਸੁਤੰਤਰਤਾ ਦਿਵਸ 15 ਅਗਸਤ ਨੂੰ ਸਰੀ ਦੇ ਐਂਪਾਇਰ ਬੈਂਕੁਏਟ ਹਾਲ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਧਾਰਮਿਕ ਸਥਾਨਾਂ ਦੇ ਨੁਮਾਇੰਦਿਆਂ ਸਮੇਤ ਵੱਡੀ ਗਿਣਤੀ ਵਿੱਚ ਭਾਈਚਾਰੇ ਦੇ ਪ੍ਰਮੁੱਖ ਮੈਂਬਰ ਹਾਜ਼ਰ ਸਨ ।ਇੰਡੀਆ ਕਲਚਰਲ ਸੈਂਟਰ ਆਫ਼ ਕੈਨੇਡਾ ਗੁਰਦੁਆਰਾ ਨਾਨਕ ਨਿਵਾਸ, ਰਿਚਮੰਡ ਦੀ ਨੁਮਾਇੰਦਗੀ ਉਬੇਦ ਸਿੱਧੂ, ਬਲਬੀਰ ਜਵੰਦਾ, ਮੋਹਨ ਸਿੰਘ ਸੰਧੂ ਅਤੇ ਬਲਵੰਤ ਸੰਘੇੜਾ ਨੇ ਕੀਤੀ।ਅਕਾਲੀ ਸਿੰਘ ਸਿੱਖ ਸੁਸਾਇਟੀ ਵੈਨਕੂਵਰ ਦੇ ਨੁਮਾਂਇਦੇ ਵੀ ਪਹੁੰਚੇ ਹੋਏ ਸਨ।

# ਕੈਲਗਰੀ 'ਚ ਪੰਜਾਬੀ ਨੌਜਵਾਨ ਦੀ ਪਾਣੀ 'ਚ ਡੁੱਬਣ ਕਾਰਨ ਮੌਤ

ਕੈਲਗਰੀ: ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਪਾਣੀ 'ਚ ਡੁੱਬਣ ਕਾਰਨ ਹੋਣ ਦੀ ਇਕ ਹੋਰ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਜਿੱਥੇ ਬੀਤੇ ਦਿਨੀਂ ਕੈਲਗਰੀ ਨਾਲ ਸਬੰਧਤ ਇਕ 37 ਸਾਲਾ ਨੌਜਵਾਨ ਮਨਦੀਪ ਸਿੰਘ ਉੱਪਲ, ਉਰਫ (ਰਵੀ) ਦੀ ਡੂੰਘੇ ਪਾਣੀ ਵਿਚ ਡੁੱਬਣ ਕਾਰਨ ਮੌਤ ਹੋ ਗਈ ਹੈ।

ਇਹ ਨੌਜਵਾਨ ਆਪਣੇ ਸਾਥੀਆਂ ਦੇ ਨਾਲ ਬੋਅ ਰਿਵਰ ਵਿਖੇ ਘੁੰਮਣ ਗਿਆ ਸੀ, ਜਿਥੇ ਉਸ ਨਾਲ ਇਹ ਹਾਦਸਾ ਵਾਪਰ ਗਿਆ। ਮ੍ਰਿਤਕ ਨੌਜਵਾਨ ਦਾ ਪੰਜਾਬ ਤੋਂ ਪਿਛੋਕੜ ਜ਼ਿਲ੍ਹਾ ਸੰਗਰੂਰ ਦੇ ਭਵਾਨੀਗੜ੍ਹ ਨਾਲ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ ਪਾਣੀ 'ਚ ਡੁੱਬਣ ਨਾਲ ਹੁੰਦੀਆਂ ਮੌਤਾਂ ਦਾ ਸਿਲਸਿਲਾ ਕੈਨੇਡਾ ਵਿਚ ਲਗਾਤਾਰ ਵੱਧਦਾ ਜਾ ਰਿਹਾ ਹੈ ਅਤੇ ਕਈ ਪੰਜਾਬੀ ਨੌਜਵਾਨ ਮੌਤ ਦੇ ਮੂੰਹ ਚਲੇ ਗਏ ਹਨ। ਭਾਵੇਂ ਇਸ ਬਾਬਤ ਲਗਾਤਾਰ ਜਨਤਾ ਦੇ ਬਚਾਉ ਲਈ ਵਿਭਾਗ ਵੱਲੋਂ ਐਡਵਾਈਜ਼ਰੀ ਵੀ ਜਾਰੀ ਹੁੰਦੀ ਰਹਿੰਦੀ ਹੈ ਪਰ ਜਨਤਾ ਅਮਲ ਨਹੀਂ ਕਰਦੀ।

# ਕੈਨੇਡਾ 'ਚ ਪੰਜਾਬ ਦੀਆਂ ਦੋ ਧੀਆਂ ਨੇ ਹਾਸਲ ਕੀਤੀ ਵੱਡੀ ਸਫ਼ਲਤਾ



ਟੋਰਾਂਟੋ- ਕੈਨੇਡਾ ਤੋਂ ਪੰਜਾਬੀਆਂ ਲਈ ਖੁਸ਼ੀ ਦੀ ਖਬਰ ਆ ਰਹੀ ਹੈ, ਜਿੱਥੇ ਪੰਜਾਬ ਦੀਆਂ ਦੋ ਧੀਆਂ ਦੀ ਚੋਣ ਇੰਟਰਨੈਸ਼ਨਲ ਸਟੂਡੈਂਟ ਸਕੌਲਰਸ਼ਿਪ ਲਈ ਹੋਈ ਐ। ਲੈਸਟਰ ਬੀ ਪੀਅਰਸਨ ਇੰਟਰਨੈਸ਼ਨਲ ਸਟੂਡੈਂਟ ਸਕੌਲਰਸ਼ਿਪ ਲਈ ਦੁਨੀਆ ਭਰ ਵਿੱਚੋਂ 38 ਵਿਦਿਆਰਥੀ ਚੁਣੇ ਗਏ, ਜਿਨ੍ਹਾਂ ਵਿੱਚ ਪੰਜਾਬ ਦੀਆਂ ਦੋ ਧੀਆਂ ਸਣੇ ਭਾਰਤ ਦੇ 4 ਵਿਦਿਆਰਥੀ ਸ਼ਾਮਲ ਨੇ।ਇਨ੍ਹਾਂ ਵਿੱਚ ਮੋਹਾਲੀ ਜ਼ਿਲ੍ਹੇ ਦੇ ਪਿੰਡ ਜੰਗਪੁਰਾ ਦੀ ਹਸਲੀਨ ਕੌਰ ਅਤੇ ਰਾਏਕੋਟ ਦੀ ਮਹਿਕਪ੍ਰੀਤ ਕੌਰ ਸੱਗੂ ਦਾ ਨਾਮ ਸ਼ਾਮਲ ਹੈ। ਹੁਣ ਇਹ ਵਿਦਿਆਰਥਣਾਂ ਕੈਨੇਡਾ ਦੀ ਯੂਨੀਵਰਸਿਟੀ ਵਿੱਚ 4 ਸਾਲ ਮੁਫ਼ਤ ਪੜ੍ਹਾਈ ਕਰਨਗੀਆਂ।ਦੱਸ ਦੇਈਏ ਕਿ ਉਕਤ ਵਕਾਰੀ ਸਕੌਲਰਸ਼ਿਪ ਲਈ ਚੋਣ ਲਈ ਨਵੰਬਰ ਵਿੱਚ ਫ਼ਾਰਮ ਭਰੇ ਜਾਂਦੇ ਹਨ। ਯੂਨੀਵਰਸਿਟੀ ਸਕੂਲ ਤੋਂ ਹੀ ਬੱਚੇ ਦਾ ਸਾਰਾ ਰਿਕਾਰਡ ਹਾਸਲ ਕਰਦੀ ਹੈ। ਪੜਾਈ ਦੇ ਨਾਲ-ਨਾਲ ਵਿਦਿਆਰਥੀ ਵੱਲੋਂ ਸਾਹਿਤ, ਕਲਾ, ਸਮਾਜ, ਧਰਮ, ਖੇਡਾਂ ਤੇ ਹੋਰ ਖੇਤਰਾਂ ਦੀਆਂ ਪ੍ਰਾਪਤੀਆਂ ਜ਼ਰੂਰੀ ਹੁੰਦੀਆਂ ਹਨ।

# ਸਿੱਧੂ ਮੂਸੇਵਾਲਾ ਕਤਲ ਕੇਸ ਦਾ ਜਾਂਚ ਅਫਸਰ ਬਦਲਿਆ

ਚੰਡੀਗੜ੍ਹ : ਮਾਨਸਾ ਦੇ ਐੱਸ ਐੱਸ ਪੀ ਗੌਰਵ ਤੂਰਾ ਨੇ ਸਿੱਧੂ ਮੂਸੇਵਾਲੇ ਦੇ ਕਤਲ ਦੀ ਜਾਂਚ ਕਰ ਰਹੇ ਅੰਗਰੇਜ਼ ਸਿੰਘ ਨੂੰ ਅਚਾਨਕ ਬਦਲ ਕੇ ਗੁਰਲਾਲ ਸਿੰਘ ਨੂੰ ਜਾਂਚ ਅਫਸਰ ਲਾ ਦਿੱਤਾ ਹੈ।ਅੰਗਰੇਜ਼ ਸਿੰਘ ਥਾਣਾ ਸਿਟੀ-1 ਮਾਨਸਾ ਦੇ ਐੱਸ ਐੱਚ ਓ ਸਨ। ਮੂਸੇਵਾਲੇ ਦਾ ਕਤਲ ਇਸੇ ਥਾਣਾ ਅਧੀਨ ਪੈਂਦੇ ਪਿੰਡ ਜਵਾਹਰਕੇ 'ਚ ਹੋਇਆ ਸੀ। ਅੰਗਰੇਜ਼ ਸਿੰਘ ਨੂੰ ਹੁਣ ਥਾਣਾ ਬੁਢਲਾਡਾ ਲਾਇਆ ਗਿਆ ਹੈ। ਮੂਸੇਵਾਲਾ ਕਤਲ ਕਾਂਡ ਦੀ ਜਾਂਚ ਐੱਸ ਆਈ ਟੀ ਕਰ ਰਹੀ ਹੈ, ਜਿਸ ਦੀ ਅਗਵਾਈ ਡੀ ਆਈ ਜੀ ਜਸਕਰਨ ਸਿੰਘ ਕਰ ਰਹੇ ਹਨ। ਇਸ ਵਿਚ ਥਾਣਾ ਸਿਟੀ-1 ਮਾਨਸਾ ਦੇ ਐੱਸ ਐੱਚ ਓ ਨੂੰ ਵੀ ਸ਼ਾਮਲ ਕੀਤਾ ਗਿਆ ਹੈ।


ਵਿਆਹ ਸ਼ਾਦੀ, ਐਨੀਵਰਸਰੀ ਅਤੇ ਜਨਮ ਦਿਨ ਦੀਆਂ ਪਾਰਟੀਆਂ ਨੂੰ ਚਾਰ ਚੰਨ ਲਾਉਣ ਲਈ



ਜਗਰੂਪ ਢਿੱਲੋਂ ਐਂਡ ਪਾਰਟੀ

ਨਾਲ ਸੰਪਰਕ ਕਰੋ

ਅਸੀਂ ਲੇਡੀਜ਼ ਸੰਗੀਤ, ਸੁਹਾਗ, ਜਾਗੋ, ਬੋਲੀਆਂ, ਘੋੜੀਆਂ, ਲੋਕ ਗੀਤਾਂ ਵਿੱਚ ਮਾਹਿਰ ਹਾਂ। ਤੁਹਾਡੀ ਪਾਰਟੀ ਯਾਦਗਾਰੀ ਬਣ ਜਾਵੇਗੀ

ਜਗਰੂਪ ਢਿੱਲੋਂ ਨੂੰ ਸੰਪਰਕ ਕਰੋ:

604.401.9335

604.379.9572

778.593.9335



ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ

ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)


ਨੂੰ ਫੋਨ ਕਰੋ:604-518-3637

ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS

In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry

5635 - 176A Street, Surrey, BC
(across the street from Cloverdale Library)
Cloverdalevillagedental@gmail.com

604-579-0102


LIQUOR discounter
Friday Aug 05, 2022 until Sunday Sept 04, 2022
$86.99 PATRON REPOSADO 750ML
$60.99 JOHNNIE WALKER RED LABEL 1.75L
$59.99 JOHNNIE WALKER BLACK LABEL 750ML
$54.99 GIBSONS STERLING 1.75L
$54.99 BAILEYS ORIGINAL 1.75L
$52.99 1.75L ABSOLUT VODKA $23.99 750ML
$16.99 19 CRIMES CALI ROSE 750ML
$48.79 WISERS 1.75L
$49.99 SMIRNOFF VODKA 1.75L
$45.99 CIROC APPLE BLUE PEACH 750ML
$42.49 MAKERS MARK BOURBON 750ML
$35.99 STOLICHNAYA VODKA 1.14L
$35.99 CAPTAIN MORGAN 1.14L
$10.49 BASK PINOT NOIR 750ML
$35.49 CAZADOREZ BLANCO 750ML
$34.99 TANQUERAY 1.14L
$33.99 JAMESON 750ML
$33.99 JACK DANIELS 750ML
$27.99 SIERRA BLANCO 750ML
$25.99 KAHLUA 750ML
$9.79 BODACIOUS CAB SAUV 750ML
$25.49 PINK WHITNEY 750ML
$23.99 CROWN ROYAL 750ML
BELOW Government Store Prices!
$22.99 WISERS 750ML
$20.79 JOSE CUERVO STRAWBERRY LEMONADE 1.75L
$5.99 BABY CANADIAN 750ML
$37.99 COPPER MOON MALBEC 4L
$30.79 PELLER ESTATES DRY WHITE 4L
$17.99 TOM GORE CAB SAUV 750ML
$17.49 OYSTER BAY SAUV BLANC 750ML
$13.99 PELLER ESTATES ROSE 1.5L
$13.99 GATO NEGRO CAB SAUV 1.5L
SHOP & SAVE Rewards Program See In-Store for details
$48.99 KOKANEE 36 CANS
$46.99 CORONA 24 BOTTLES
$39.99 MICHELOB ULTRA 24 CANS
$36.99 BUDWEISER 24 CANS
$35.99 COORS LIGHT 24 CANS
$32.99 PABST 24 CANS
$37.99 JACKSON TRIGGS MERLOT CHARDONNAY 4L
$25.99 HEINEKEN 12 BOTTLES OR 12 CANS
$23.99 STELLA ARTOIS 12 BOTTLES OR 12 CANS
$23.99 CORONA 12 BOTTLES
$25.49 MODELO 12 BOTTLES
$19.99 OLD MILWAUKEE 15 CANS
$20.99 MILLER GENUINE DRAFT 12 BOTTLES
$17.49 RUFFINO PROSECCO 750ML
$20.99 SLEEMANS HONEY BROWN 12 CANS
$18.99 SNEAKY WEASEL 15 CANS
$18.79 STEAMWORKS MASH-UP 8 CANS
12 CANS $23.99 NUDE VODKA 24 CANS $44.99
$24.49 NUTRL 7 12 CANS
$24.99 TEMPO GIN 12 CAN MIX
$10.79 BODACIOUS BUBBLES 750ML
$23.99 WHITE CLAW ICED TEA 12 CANS
$22.99 TRULY LEMONADE 12 CANS
$19.79 SOMERSBY 8 CAN MIXER
$12.99 CORONA SELTZERS GRAPEFRUIT LIME 6 CANS
$12.79 WHITE CLAW BLACK CHERRY LIME 6 CANS
$12.49 NUDE PINK LEMONADE 6 CANS
$7.79 BLACK CELLAR MALBEC MERLOT 750ML
$11.49 JAW DROP GUSHING GRAPES TICKLING PINK 6 CANS
$9.99 OKANAGAN CRISP APPLE 2L
PRICE BEAT GUARANTEE
$10.79 YELLOW TAIL SHIRAZ 750ML
$9.99 JACOBS CREEK MOSCATO ROSE 750ML
$9.79 JACKSON TRIGGS CAB SAUV 750ML
8473 - 120 Street, Delta
604.592.2599
14357 - 104 Ave, Surrey
778.293.1964
LiquorDiscounter.ca
follow us on facebook
Prices exclude tax and deposits and are subject to change without notice.




# Home Improvement

## TOOR LANDSCAPING & FENCE

RESIDENTIAL & COMMERCIAL

- ਅਸੀਂ ਨਵੇਂ ਅਤੇ ਪੁਰਾਣੇ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- ਅਸੀਂ ਤੁਹਾਡੀ ਨਵੀਂ ਫੈਂਸ ਲਾ ਕੇ ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ

ਅਸੀਂ ਲੋਹੇ ਦੀ ਫੈਂਸ ਵੀ ਲਾਉਂਦੇ ਹਾਂ

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।

**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## iFix WALL & CEILING LTD.

- TAPPING & FINISHING
- TEXTURED CEILINGS
- KITCHEN-BATHROOM
- BOARDING
- STEEL STUD
- PAINTING-PLUMBING

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੇਂਟਿੰਗ, ਪਲਬਿੰਗ, ਕਿਚਨ, ਵਾਸ਼ ਰੂਮ ਅਤੇ ਇਲੈਕਟ੍ਰੀਕਲ ਰਿਪੇਅਰ ਆਦਿ ਦੇ ਕੰਮਾਂ ਵਿਚ ਮਾਹਿਰ।

ਟੇਪਰਾਂ ਦੀ ਤੁਰੰਤ ਲੋੜ ਹੈ

ਪੂਰੇ ਲੋਅਰ ਮੇਨਲੈਂਡ ਵਿਚ ਸਰਵਿਸ ਕਰਦੇ ਹਾਂ

FOR BEST DEAL CALL : HARINDER SINGH DHALIWAL

**604.760.1732, 604.442.1571**

## ਸੰਦਲ ਰੈਨੋਵੇਸ਼ਨ

Your's Complete Home Renovation

- ਫਰੇਮਿੰਗ
- ਡਰਾਈਵਾਲ
- ਪੇਂਟਿੰਗ
- ਟਾਈਲਜ਼
- ਲੈਮੀਨੇਟ
- ਇਲੈਕਟ੍ਰੀਕਲ
- ਪਲਬਿੰਗ
- ਕਾਰਪੈਟ
- ਰੂਫਿੰਗ ਦਾ ਕੰਮ
- ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ : 604-725-6270**

## HIGH STAR HOME RENOVATION

ਅਸੀਂ ਰੈਨੋਵੇਸ਼ਨ ਦਾ ਹਰ ਛੋਟਾ ਵੱਡਾ ਕੰਮ ਬਹੁਤ ਹੀ ਵਾਜਬ ਰੇਟ ਉਪਰ ਕਰਦੇ ਹਾਂ। ਨਵੇਂ ਘਰ ਦੀ ਉਸਾਰੀ ਦੀ ਮੁਕੰਮਲ ਦੇਖਭਾਲ ਵੀ ਕਰਦੇ ਹਾਂ ਅਤੇ ਬੇਸਮੈਂਟ ਵੀ ਬਣਾਉਂਦੇ ਹਾਂ।



Free Estimate ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

**Jagveer: 236-515-4532**


## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ* ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ
- ਘਰ ਨੂੰ ਵਧਾਉਣਾ
- ਪੇਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ



15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :

ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**

lakhwindersembhi@yahoo.ca

## BT LINE PAINTING CO.

ਟੇਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ

ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**

sanjeevkumarsk52@gmail.com

# HOME IMPROVEMENT


## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

Off: 604-543-6239
#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

Cell: 604-351-2538
Tel:604-596-5474



MANJIT

CLASS "A" CERTIFIED & LICENCED ELECTRICIANS

## SINGH RAJ
RENOVATION CO.

We noticed your house needs minor repair
Unsure ofyourhousehold fixtures?
Just to replace or repair? Get it Done Today!
We guaranteed Singh Raj Renovation is the smartest choice for household small jobs

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

SPECIALISTS IN
Maintain+Repair & New Installation
Reasonable Rates
20Yrs Exprienced

Call Raj: 778-229-9261

## Ambrosia Renovation

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

Sunny : 778-951-1699

## J&J FRESH LOOK HOMES LTD.

BUILDING
YOUR DREAM
CREATING REALTY

fresh Look HOMES Ltd
Residential
J & J FRAMING
CONSTRUCTION TEAM

Pacific
HOME WARRANTY

2·5·10 Year Warranty



We Built Custom Homes

• New Residential
• Commercial Const.
• Licensed
• Bonded
• Framing
• Roof Trusses
• Floor Trusses
• Other Services

J&J FRAMING LTD
CONSTRUCTION TEAM



WORKERS WANTED
ਕਾਮਿਆਂ ਦੀ ਲੋੜ ਹੈ

Jarnail Singh Maan:
604.832.9308
maanjarnail@gmail.com
3412 Nightingale Dr., Abbotsford BC V2T 5W3

## HARI RENOVATIONS

ਪੁਰਾਣੇ ਘਰਾਂ ਅਤੇ ਕਮਰਸ਼ਿਅਲ ਬਿਲਡਿੰਗਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ।

ਸਮੇਂ ਸਿਰ ਭਰੋਸੇਯੋਗ ਕੰਮ ਕੀਤਾ ਜਾਂਦਾ ਹੈ

Residential & Commerical
Free Estimate

ਬ੍ਰੈਂਡ ਨਿਊ ਬੇਸਮੈਂਟ ਅਤੇ ਪੂਰੇ ਪੁਰਾਣੇ ਘਰ ਦੀ ਰੇਨੋਵੇਸ਼ਨ ਦੇ ਮਾਹਿਰ

ਪੂਰੇ ਲੋਅਰਮੇਨ ਲੈਂਡ ਵਿਚ ਸਰਵਿਸ ਕਰਦੇ ਹਾਂ

Paul 778-823-1056

ਕੰਮ ਲਈ ਵਰਕਰਾਂ ਦੀ ਤੁਰੰਤ ਲੋੜ ਹੈ

H0502

# ਮੈਂ ਕੌਣ ਹਾਂ



ਮੈਨੂੰ ਦੱਸਣ ਦੀ ਲੋੜ ਨਹੀ ਪੈਂਦੀ ਮੈਂ ਕੌਣ ਹਾਂ ਬਲਕਿ ਮੇਰੇ ਸਾਹਵੇਂ ਵਾਲਾ 'ਮਿਸਟਰ ਸਿੰਘ ਜਾਂ ਸਰਦਾਰ' ਕਹਿਕੇ ਖੁਦ ਦਸ ਜਾਂਦਾ ਕਿ ਮੈਂ ਕੌਣ ਹਾਂ।

ਕੁਝ ਚਿਰ ਦੀ ਗੱਲ ਹੈ ਮੇਰਾ ਮਿੱਤਰ ਇਕ ਕਹਿੰਦਾ ਜੇ ਪੱਗ ਦਾਹੜੀ ਵਾਲਾ 'ਪੰਗਾ' ਨਾ ਹੁੰਦਾ ਸਿੱਖ ਵਾਧੂ ਫੈਲਣੇ ਸਨ ਹੁਣ ਤਾਂ ਖੁਦ ਦੇ ਨਿਆਣੇ ਵੀ ਦੌੜ ਰਹੇ ਨੇ । ਮੈਂ ਕਿਹਾ ਮੇਰੇ ਫਾਰਮ ਵਿਚ ਕਈ ਤਰਾਂ ਦੀ ਬੂਟੀ, ਘਾਹ, ਭਖੜਾ, ਕੰਡਿਆਲੀ ਪੋਹਲੀ, ਬੜਾ ਫੈਲਦੀ, ਚਲਾਈ ਬੜਾ ਫੈਲਦੀ, ਬਾਬੂ ਸਭ ਬੂਟੇ ਦਬੀ ਤੁਰਿਆ ਆਓਂਦਾ ਜਿੰਨਾ ਮਰਜੀ ਵੱਢੀ ਪੁੱਟੀ ਚਲੋ ਅਗਲੇ ਦਿਨ ਫਿਰ ਸਿਰ ਕੱਢੀ ਖੜਾ ਹੁੰਦਾ ਪਰ ਕੀ ਕਰੋਂਗੇ ਇਨਾ ਦਾ ਫੈਲਣਾ।

ਇੰਗਲੈਂਡ ਪ੍ਰਭਦੀਪ ਸਿੰਘ ਨੇ ਭੁਖ ਹੜਤਾਲ ਰੱਖੀ ਹੋਈ ਸੀ ਜਿਸ ਦਾ ਮਕਸਦ ਸੀ ਸਰਬੱਤ ਦਾ ਭਲਾ। ਪਹਿਲਾਂ ਤਾਂ ਮੈਨੂੰ ਅਜੀਬ ਲਗਾ ਕਿ ਫੌਜੀ ਬੰਦਾ, ਗਿੱਠਾਂ ਵਿਚ ਰੋਟੀਆਂ ਝੰਭ ਜਾਣ ਵਾਲਾ ਹਫਤਾ ਕੱਢ ਜਾਊ ,ਪਰ ਹੜਤਾਲ ਤੋਂ ਬਾਅਦ ਓਹ ਖੁਦ ਕਹਿੰਦਾ ਕਿ ਕਰਾਮਾਤ ਇਸੇ ਨੂੰ ਕਹਿੰਦੇ ਕਿ ਜਦ ਅਰਦਾਸੇ ਸੋਧ ਕੇ ਨਿਸ਼ਚਾ ਦ੍ਰਿੜ ਕਰ ਲਓ ਤਾਂ ਕੁਝ ਵੀ ਔਖਾ ਨਹੀ ਹਫਤਾ ਭੁਖੇ ਰਹਿਣਾ ਤਾਂ ਬਿਲਕੁਲ ਹੀ ਨਹੀ। ਅਤੇ ਜਦ ਲੰਘਦੇ ਲੋਕ ਮੋਹ ਨਾਲ ਮੈਨੂੰ ਮਿਸਟਰ ਸਿੰਘ ਕਹਿਕੇ ਸੰਬੋਧਨ ਹੁੰਦੇ ਸਨ ਤਾਂ ਇਓਂ ਜਾਪਦਾ ਸੀ ਪਗ ਮੇਰੀ ਗਿਠ ਹੋਰ ਉਚੀ ਹੋਈ ਹੈ ਅਤੇ ਮੈਨੂੰ ਦਸਣ ਦੀ ਲੋੜ ਨਹੀ ਸੀ ਪੈਂਦੀ ਕਿ ਮੈਂ ਕੌਣ ਹਾਂ ਅਤੇ ਨਾ ਕਿਸੇ ਨੂੰ ਪੁਛਣ ਦੀ ਕਿ ਮੈਂ ਕੌਣ ਹਾਂ। ਮੇਰਾ ਇਖਲਾਕ, ਮੇਰੇ ਕੀਤੇ ਕੰਮ, ਮੇਰਾ ਲੋਕਾਂ ਲਈ ਖੜਨਾ, ਲੜਨਾ, ਭਿੜ ਜਾਣਾ ਹੀ ਮੇਰਾ ਪ੍ਰਚਾਰ ਰਿਹਾ ਹੈ। ਨਾ ਕੋਈ ਪ੍ਰਚਾਰਕਾਂ ਦੀਆਂ ਹੇੜਾਂ ਹੁੰਦੀਆਂ ਸਨ ਨਾ ਬਾਹਾਂ ਮਾਰ ਮਾਰ ਦਸਣਾ ਪੈਂਦਾ ਸੀ ਕਿ ਮੈਂ ਕੌਣ ਹਾਂ। ਇਕ ਡਿਗਦਾ ਸੀ ਦਸ ਮਗਰ ਹੋਰ ਖੜੇ ਹੁੰਦੇ ਸਨ ਕੋਈ ਕਿਸੇ ਨੂੰ ਘਰੋਂ ਨਾ ਸੀ ਸਦਣ ਜਾਂਦਾ ਨਾ ਦਸਣਾ ਜਾਂਦਾ ਕਿ ਸਿਖੀ ਇਓਂ ਜਾਂ ਸਿਖੀ ਜਿਓਂ ,ਲੋਕ ਪਰਵਾਨਿਆਂ ਤਰਾਂ ਖੁਦ ਹੀ ਮਚਣ ਆਓਂਦੇ ਸਨ, ਕਿਓਂਕਿ ਓਨਾ ਨੂੰ ਪਤਾ ਸੀ ਮੇਰੇ ਬਜੁਰਗਾਂ ਬਾਰੇ ਕਿ ਓਹ ਕੌਣ ਨੇ।ਮੈਂ ਕੌਣ ਹਾਂ, ਇਹ ਗਲ ਮੇਰੇ ਪਰੈਕਟਲੀ ਜੀਵਨ ਵਿਚੋਂ ਆਓਣੀ ਨਾ ਕਿ ਸਟੇਜਾਂ ਤੇ ਵੈਣ ਪਾ ਪਾ।

ਅੱਜ ਦੋ ਕਰੋੜ ਸਿੱਖ ਨੇ ਅਤੇ ਕਰੀਬਨ ਦੋ ਲੱਖ ਤੋਂ ਉਪਰ ਪ੍ਰਚਾਰਕ, ਗ੍ਰੰਥੀ ਭਾਈ, ਕਥਾਵਾਚਕ, ਰਾਗੀ ਢਾਡੀ, ਕੀਰਤਨੀਏ, ਸੰਤ, ਸਾਧ, ਡੇਰੇਦਾਰ, ਨਿਹੰਗ ਪਰ ਫਿਰ ਵੀ ਆਮ ਕਿਰਤੀ ਲੋਕ ਦਸ ਰਹੇ ਨੇ ਕਿ ਕੌਣ ਹਾਂ।

**-ਗੁਰਦੇਵ ਸਿੰਘ ਸੱਧੇਵਾਲੀਆ**

# ਜੇ ਜੀਵੈ ਪਤਿ ਲਥੀ ਜਾਇ॥ਸਭੁ ਹਰਾਮੁ ਜੇਤਾ ਕਿਛੁ ਖਾਇ॥



ਭਾਈ ਦਿਲਾਵਰ ਸਿੰਘ ਸਰਬੱਤ ਦੇ ਭਲੇ ਲਈ ਜੱਲਾਦ ਬੇਅੰਤੇ ਬੁੱਚੜ ਨੂੰ ਇਕੱਤੀਆਂ ਦੇ ਇਕਵੰਜਾ ਮੋੜ ਕੇ ਕੌਮ ਦੀ ਝੋਲੀ ਵਿੱਚ ਇਨਸਾਫ਼ ਪਾ ਕੇ ਆਪ ਸਦਾ ਲਈ ਅਮਰ ਹੋ ਗਿਆ।ਭਾਈ ਦਿਲਾਵਰ ਸਿੰਘ ਆਪਣੀ ਵਧੀਆ ਤੇ ਸੁਖਾਵੀਂ ਜ਼ਿੰਦਗੀ ਸੁਖੀ ਤੇ ਖੁਸ਼ੀ ਨਾਲ ਬਤੀਤ ਕਰ ਰਿਹਾ ਸੀ, ਜਦੋਂ ਭਾਈ ਦਿਲਾਵਰ ਸਿੰਘ ਨੂੰ ਪਤਾ ਲੱਗਾ ਕਿ ਸਿੱਖ ਕੌਮ ਦੇ ਬੇਕਸੂਰ ਨੌਜਵਾਨਾਂ ਨੂੰ ਝੂਠੇ ਪੁਲਿੱਸ ਮੁਕਾਬਲਿਆਂ ਵਿੱਚ ਕੋਹ-ਕੋਹ ਕੇ ਸਿੱਖ ਜਵਾਨੀਆਂ ਖੱਤਮ ਕਰਨ ਵਾਲੇ ਜੱਲਾਦ ਬੇਅੰਤੇ ਬੁੱਚੜ ਨੂੰ ਜੁਰਮ ਕਰਨ ਵਾਲੀ ਹੱਦ ਮੁਕਾ ਦਿੱਤੀ,ਅਤੇ ਗੁਰਦਾਸਪੁਰ ਵਰਗੇ ਜ਼ਿਲ੍ਹਿਆਂ ਵਿੱਚ ਸਿੱਖ ਜਵਾਨੀਆਂ ਖਤਮ ਕਰ ਦਿੱਤੀਆਂ ਜਿਸ ਕਾਰਨ ਕਈ ਸਾਲ ਕਈ ਪਿੰਡਾਂ ਵਿੱਚ ਜੰਝ ਨਹੀਂ ਚੜ੍ਹੀ, ਮਾਪੇ ਪੁੱਤਾਂ ਨੂੰ ਅਤੇ ਧੀਆਂ ਭੈਣਾਂ ਭਰਾਵਾਂ ਨੂੰ ਦੇਖਣ ਲਈ ਤਰਸ ਗਈਆਂ, ਬਜ਼ੁਰਗਾਂ ਦੀਆਂ ਪੱਗਾਂ ਥਾਣਿਆਂ ਵਿੱਚ ਰੋਲ ਦਿੱਤੀਆਂ ਅਤੇ ਧੀਆਂ ਭੈਣਾਂ ਨੂੰ ਥਾਣਿਆਂ ਵਿੱਚ ਬੇਪੱਤ ਕੀਤਾ ਗਿਆ,ਅਦਾਲਤਾਂ ਅਤੇ ਜੱਜਾਂ ਨੇ ਸਿੱਖਾਂ ਨੂੰ ਇਨਸਾਫ ਦੇਣ ਦੀ ਬਜਾਏ ਪੰਜਾਬ ਪੁਲਿਸ ਦੇ ਦੋਸਤ ਅਫਸਰਾਂ ਨੂੰ ਬਚਾ ਕੇ ਸਿੱਖਾਂ ਨਾਲ ਬੇਇਨਸਾਫੀ ਕਰਨ ਵਾਲੇ ਜੱਲਾਦ ਬੇਅੰਤੇ ਬੁੱਚੜ ਨੂੰ ਭਾਈ ਦਿਲਾਵਰ ਸਿੰਘ ਨੇ ਇਕੱਤੀਆਂ ਦੇ ਇਕਵੰਜਾ ਮੋੜ ਕੇ ਕੌਮ ਦੀ ਝੋਲੀ ਵਿੱਚ ਇਨਸਾਫ਼ ਪਾਕਿ ਅਤੇ ਸ਼ਹਾਦਤ ਦਾ ਜਾਮ ਪੀ ਕੇ ਆਪ ਸਦਾ ਲਈ ਅਮਰ ਹੋ ਗਿਆ,ਅਤੇ ਸਿੱਖ ਕੌਮ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚੋਂ ਬਹੁਤ ਵੱਡੀ ਸੇਧ ਅਤੇ ਸੁਨੇਹਾ ਦੇ ਗਿਆ ਜੇਕਰ ਸਰਕਾਰਾਂ ਅਤੇ ਕਨੂੰਨ ਜਾਣ ਬੁਝ ਕੇ ਆਪਣੀਆਂ ਅੱਖਾਂ ਬੰਦ ਕਰਕੇ ਬੈਠ ਜਾਣ ਅਤੇ ਇੰਨਸਾਫ਼ ਲੈਣ ਲਈ ਸਾਰੇ ਹੀਲੇ ਵਸੀਲੇ ਬੰਦ ਹੋ ਜਾਣ ਫਿਰ ਗੁਰੂ ਦੇ ਸਿੱਖ ਨੇ ਭਿਖਾਰੀਆਂ ਵਾਂਗ ਕਿਸੇ ਅੱਗੇ ਹੱਥ ਅੱਡ ਕੇ ਇਨਸਾਫ਼ ਮੰਗਣਾ ਨਹੀਂ,..? ਇਨਸਾਫ਼ ਕਰਨਾ ਹੈ, ਕਿਵੇਂ ਕਰਨਾ ਹੈ-----ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥੨੦॥-

-ਹਰਦੀਪ ਸਿੰਘ ਨਿੱਝਰ

# ਮਮਤਾ ਬੈਨਰਜੀ ਨੇ ਚੁੱਕੀ ਸਹੁੰ ਕਿਹਾ: "2024 'ਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਾਂਗੀ, ਇਨ੍ਹਾਂ ਨੂੰ ਹਰਾਉਣਾ ਮੇਰੀ ਆਖਰੀ ਲੜਾਈ"

ਕੋਲਕਾਤਾ:ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸੋਮਵਾਰ ਨੂੰ ਕਿਹਾ ਕਿ 2024 ਵਿੱਚ ਭਾਰਤੀ ਜਨਤਾ ਪਾਰਟੀ ਨੂੰ ਕੇਂਦਰ ਦੀ ਸੱਤਾ ਤੋਂ ਬਾਹਰ ਕਰਨਾ ਉਨ੍ਹਾਂ ਦੀ "ਆਖਰੀ ਲੜਾਈ" ਹੋਵੇਗੀ। ਇੱਥੇ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੀ ਮੁਖੀ ਬੈਨਰਜੀ ਨੇ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਹਰਾਉਣਾ ਹੋਵੇਗਾ। ਕੇਂਦਰ ਵਿੱਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਦਿੱਲੀ ਦੀ ਲੜਾਈ ਮੇਰੀ ਆਖਰੀ ਲੜਾਈ ਹੋਵੇਗੀ। ਮੈਂ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਵਾਅਦਾ ਕਰਦੀ ਹਾਂ।ਮਮਤਾ ਬੈਨਰਜੀ ਨੇ ਆਪਣੇ ਸੰਬੋਧਨ 'ਚ ਅੱਗੇ ਕਿਹਾ ਕਿ ਭਾਜਪਾ ਨੂੰ ਕਿਸੇ ਵੀ ਕੀਮਤ 'ਤੇ ਹਰਾਉਣਾ ਪਵੇਗਾ। ਬੈਨਰਜੀ ਨੇ ਕਿਹਾ ਕਿ ਪੱਛਮੀ ਬੰਗਾਲ ਨੂੰ ਬਚਾਉਣਾ ਸਾਡੀ ਪਹਿਲੀ ਲੜਾਈ ਹੈ। ਮੈਂ ਵਾਅਦਾ ਕਰਦੀ ਹਾਂ ਕਿ ਅਸੀਂ 2024 ਵਿੱਚ ਭਾਜਪਾ ਨੂੰ ਕੇਂਦਰ ਦੀ ਸੱਤਾ ਤੋਂ ਹਟਾ ਦੇਵਾਂਗੇ। ਜੇਕਰ ਤੁਸੀਂ ਸਾਨੂੰ ਡਰਾਉਣ ਦੀ ਕੋਸ਼ਿਸ਼ ਕਰਦੇ ਹੋ, ਤਾਂ ਅਸੀਂ ਜਵਾਬ ਦੇਵਾਂਗੇ।

# ਭਾਰਤ ਨੇ ਦਿੱਤੀ ਚੇਤਾਵਨੀ:ਅੱਤਵਾਦ 'ਤੇ 'ਦੋਹਰੇ ਮਾਪਦੰਡ' ਨੂੰ ਅਪਣਾ ਰਿਹਾ ਚੀਨ

ਨਵੀਂ ਦਿੱਲੀ:-ਭਾਰਤ ਨੇ ਚੀਨ 'ਤੇ ਸਿੱਧਾ ਹਮਲਾ ਕਰਦੇ ਹੋਏ ਅੱਤਵਾਦ ਨਾਲ ਲੜਨ ਦੇ ਮੁੱਦੇ 'ਤੇ "ਦੋਹਰੇ ਮਾਪਦੰਡਾਂ" ਦੇ ਖਿਲਾਫ ਸਾਵਧਾਨ ਕੀਤਾ। ਭਾਰਤ ਨੇ ਕਿਹਾ ਕਿ ਕੋਈ ਵੀ "ਜ਼ਬਰਦਸਤੀ ਤੌਰ 'ਤੇ ਸਥਿਤੀ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਹੈ।" ਇਹ ਕਾਰਵਾਈ ਸਾਂਝੀ ਸੁਰੱਖਿਆ ਦੇ ਸਿਧਾਂਤ ਦੀ ਉਲੰਘਣਾ ਕਰਦੀ ਹੈ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਪ੍ਰਤੀਨਿਧੀ ਰੁਚਿਰਾ ਕੰਬੋਜ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ (ਯੂ.ਐੱਨ.ਐੱਸ.ਸੀ.) ਦੀ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਰੇ ਦੇਸ਼ਾਂ ਨੂੰ ਇਕ-ਦੂਜੇ ਦਾ ਸਮਰਥਨ ਕਰਨ ਦੀ ਲੋੜ ਹੈ। ਅੰਤਰਰਾਸ਼ਟਰੀ ਸਮਝੌਤਿਆਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।ਯੂਐਨਐਸਸੀ ਦੀ ਇਹ ਮੀਟਿੰਗ ਚੀਨ ਦੁਆਰਾ ਬੁਲਾਈ ਗਈ ਸੀ, ਜੋ ਅਗਸਤ ਲਈ ਸੁਰੱਖਿਆ ਪ੍ਰੀਸ਼ਦ ਦਾ ਚੇਅਰਮੈਨ ਹੈ ਅਤੇ 15 ਮੈਂਬਰੀ ਕੌਂਸਲ ਵਿੱਚ ਵੀਟੋ ਪਾਵਰ ਹੈ।

# ਮੂਸੇਵਾਲਾ ਕਤਲ ਕਾਂਡ:ਸਚਿਨ ਥਾਪਨ ਬਿਸ਼ਨੋਈ ਵਿਦੇਸ਼ 'ਚ ਆਇਆ ਕਾਬੂ

ਚੰਡੀਗੜ੍ਹ:ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁੱਖ ਦੋਸ਼ੀਆਂ ਵਿਚ ਸ਼ਾਮਲ ਸਚਿਨ ਥਾਪਨ ਬਿਸ਼ਨੋਈ ਨੂੰ ਅਜ਼ਰਬਾਈਜਾਨ ਵਿਚ ਹਿਰਾਸਤ ਵਿਚ ਲੈ ਲਿਆ ਗਿਆ ਹੈ, ਜਦੋਂ ਇਕ ਦੂਜੇ ਮੁਲਜ਼ਮ ਅਨਮੋਲ ਬਿਸ਼ਨੋਈ ਦੀ ਲੋਕੇਸ਼ਨ ਵੀ ਟਰੇਸ ਹੋ ਗਈ ਹੈ। ਹਾਲਾਂਕਿ ਰਿਪੋਰਟ ਮੁਤਾਬਕ ਉਸਨੂੰ ਕੀਨੀਆ ਵਿਚ ਵੇਖਿਆ ਗਿਆ ਹੈ ਪਰ ਉਚ ਅਧਿਕਾਰੀਆਂ ਨੇ ਥਾਂ ਦੀ ਪੁਸ਼ਟੀ ਨਹੀਂ ਕੀਤੀ।ਪੰਜਾਬ ਪੁਲਿਸ ਨੇ ਤਾਲਮੇਲ ਕਰ ਕੇ ਸਚਿਨ ਥਾਪਨ ਬਿਸ਼ਨੋਈ ਨੂੰ ਅਜ਼ਰਬਾਈਜਾਨ ਵਿਚ ਹਿਰਾਸਤ ਵਿਚ ਕਰਵਾ ਲਿਆ ਹੈ। ਦੋਵੇਂ ਮੁਲਜ਼ਮ ਜਾਅਲੀ ਪਾਸਪੋਰਟਾਂ 'ਤੇ ਦੇਸ਼ ਵਿਚੋਂ ਭੱਜ ਗਏ ਸਨ। ਪੰਜਾਬ ਪੁਲਿਸ ਅਤੇ ਵਿਦੇਸ਼ ਮੰਤਰਾਲੇ ਸਚਿਨ ਨੂੰ ਭਾਰਤ ਲਿਆਉਣ ਲਈ ਫੁਰਤੀ ਨਾਲ ਕੰਮ ਕਰ ਰਹੇ ਹਨ।ਵਿਦੇਸ਼ ਮੰਤਰਾਲੇ ਨੇ ਪੰਜਾਬ ਪੁਲਿਸ ਨੂੰ ਭੇਜੇ ਪੱਤਰ ਵਿਚ ਇਹਨਾਂ ਮੁਲਜ਼ਮਾਂ ਦੇ ਅਪਰਾਧਿਕ ਪਿਛੋਕੜ, ਗ੍ਰਿਫਤਾਰੀ ਵਾਰੰਟ ਤੇ ਮੂਸੇਵਾਲਾ ਕੇਸ ਵਿਚ ਭੂਮਿਕਾ ਆਦਿ ਦੇ ਵੇਰਵੇ ਮੰਗੇ ਹਨ ਤਾਂ ਜੋ ਉਸਦੀ ਹਵਾਲਤੀ ਲਈ ਜਾ ਸਕੇ। ਇਸ ਦੌਰਾਨ ਲਾਰੰਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਨੂੰ ਗ੍ਰਿਫਤਾਰ ਕਰਨ ਲਈ ਯਤਨ ਕੀਤੇ ਜਾ ਰਹੇ ਹਨ।


Rai
EXPRESS LINES LTD.



Hiring
Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit




Karnail Singh Rai
President

Call today 604-503-6900
Email-kal@raiexpresslines.com www. raiexpressline.com
Unit 125-7475 135th Street, BC V3W 0M8



The Grand Taj

THE GRAND TAJ
BANQUET HALL
Khalsa Business Centre, 84th Ave. & 128th St., Surrey



CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more

ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com

Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS

Capacity from 100 to 1200

Ladies Parties Special

# ਸਿਹਤ ਸੰਬੰਧੀ





# ਐਲਰਜੀ, ਹੇਅ-ਫ਼ੀਵਰ, ਪੋਲਨਜ਼ ਅਤੇ ਹੋਮਿਓਪੈਥਿਕ ਇਲਾਜ

ਐਲਰਜਿਕ ਰਹੀਨਾਇਟੀਸ (Allergic Rhenitis), ਜਿਸ ਨੂੰ ਕਿ ਹੇਅ-ਫ਼ੀਵਰ ਜਾਂ ਪੌਲੀਨੌਸਿਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦਾ ਮਤਲਬ ਹੈ ਐਲਰਜੀ ਦੀ ਵਜ੍ਹਾ ਨਾਲ ਨੱਕ ਦੀ ਅੰਦਰਲੀ ਝਿੱਲੀ ਵਿੱਚ ਸੋਜਸ਼ ਹੋ ਜਾਣੀ। ਜੇ ਰਹੀਨਾਇਟੀਸ ਸ਼ਬਦ ਦਾ ਸੰਧੀ-ਭੇਦ ਕਰਕੇ ਵੇਖਿਆ ਜਾਵੇ ਤਾਂ "Rhino" ਦਾ ਮਤਲਬ ਹੁੰਦਾ ਹੈ "ਨੱਕ ਨਾਲ ਸਬੰਧਤ" ਅਤੇ "itis" ਦਾ ਸਬੰਧ ਸੋਜਸ਼ ਨਾਲ ਹੁੰਦਾ ਹੈ। ਐਲਰਜਿਕ ਰਹੀਨਾਇਟੀਸ ਮੌਸਮੀ ਜਾਂ ਗ਼ੈਰ-ਮੌਸਮੀ ਵੀ ਹੋ ਸਕਦੀ ਹੈ। ਬਹਾਰ ਦੇ ਮੌਸਮ (ਸਪ੍ਰਿੰਗ) ਵਿੱਚ ਇਹ ਐਲਰਜੀ ਜ਼ਿਆਦਾਤਰ ਰੁੱਖਾਂ ਦੇ ਫ਼ੁੱਲਾਂ ਦੇ ਪੋਲਨ (tree pollens) ਕਰਕੇ ਹੁੰਦੀ ਹੈ। ਘਾਹ ਕੱਟਣ ਨਾਲ ਸਬੰਧਤ ਐਲਰਜੀ ਅਕਸਰ ਗਰਮੀਆਂ ਦੀ ਰੁੱਤ ਵਿੱਚ ਹੁੰਦੀ ਹੈ ਅਤੇ ਵੀਡ ਪੋਲਨ (weed pollen) ਪਤਝੜ (ਫ਼ੌਲ) ਦੀ ਰੁੱਤ ਵਿੱਚ ਐਲਰਜੀ ਦੇ ਲੱਛਣ ਪੈਦਾ ਕਰਦੀ ਹੈ। ਬਹਾਰ ਦਾ ਮੌਸਮ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਵਿਅਕਤੀਆਂ ਨੂੰ ਪੋਲਨ ਐਲਰਜੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕਈਆਂ ਨੂੰ ਆਉਣ ਵਾਲੇ ਸਮੇਂ ਵਿੱਚ ਇਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਹਾਰ ਦੇ ਮੌਸਮ ਵਿੱਚ ਐਲਰਜੀ ਦਾ ਕਾਰਨ ਬਣਨ ਵਾਲੇ ਤੱਤ ਦਰਖ਼ਤਾਂ ਉੱਪਰ ਪੁੰਗਰ ਰਹੇ ਫ਼ੁੱਲਾਂ ਤੋਂ ਉੱਡ ਕੇ ਵਾਤਾਵਰਨ ਵਿੱਚ ਸ਼ਾਮਲ ਹੋ ਜਾਂਦੇ ਹਨ। ਹਰ ਸਾਲ ਇਸ ਮੌਸਮ ਦੇ ਆਉਣ ਦੇ ਕਈ ਵਿਅਕਤੀਆਂ ਨੂੰ ਆਪੋ-ਆਪਣੀ ਸੰਵੇਦਨਾ ਅਨੁਸਾਰ ਐਲਰਜੀ ਦਾ ਸਾਹਮਣਾ ਕਰਨਾ ਪੈਂਦਾ ਹੈ। ਬਹਾਰ ਦੇ ਮੌਸਮ ਵਿੱਚ ਹਰ ਸਾਲ ਜਦੋਂ ਦਰਖ਼ਤਾਂ ਦੇ ਫ਼ੁੱਲ ਫ਼ੁੱਟਣੇ ਸ਼ੁਰੂ ਹੁੰਦੇ ਹਨ ਤਾਂ ਕਈ ਸੰਵੇਦਨਸ਼ੀਲ ਵਿਅਕਤੀਆਂ ਨੂੰ ਬਹੁਤ ਤਕਲੀਫ਼ਦੇਹ ਲੱਛਣਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਛਿੱਕਾਂ (ਕਈ ਵਾਰੀ ਬਹੁਤ ਜ਼ਿਆਦਾ), ਅੱਖਾਂ ਵਿੱਚ ਲਾਲੀ ਅਤੇ ਰੜਕ, ਅੱਖਾਂ ਵਿੱਚੋਂ ਪਾਣੀ ਵਗਣਾ, ਪਲਕਾਂ ਵਿੱਚ ਜਲਨ ਅਤੇ ਸੋਜਸ਼, ਨੱਕ ਵਿੱਚ ਝੁਨਝੁਨਾਹਟ, ਨੱਕ ਵਿੱਚ ਸੇਕ ਅਤੇ ਨੱਕ ਵਿੱਚੋਂ ਜਲਨਸ਼ੀਲ ਤਰਲ ਪਦਾਰਥ ਵਗਣਾ, ਨੱਕ ਦੇ ਵਿੰਗਜ਼ ਪੂੰਝ ਪੂੰਝ ਕੇ ਲਾਲ ਹੋ ਜਾਣੇ, ਰਾਤ ਨੂੰ ਨੱਕ ਬੰਦ ਹੋ ਜਾਣਾ, ਮੂੰਹ ਰਾਹੀਂ ਸਾਹ ਲੈਣਾ, ਨੀਂਦ ਨਾ ਆਉਣੀ, ਦਿਨ ਵੇਲੇ ਨੱਕ ਬੰਦ ਰਹਿਣਾ ਅਤੇ ਉਸ ਵਿੱਚੋਂ ਪਾਣੀ ਵਗਣਾ। ਪੀੜਤ ਵਿਅਕਤੀ ਦੀ ਬੁਰੀ ਹਾਲਤ ਕਰ ਦੇਣ ਵਾਲੇ ਇਹ ਲੱਛਣ ਉਸ ਦੇ ਸੁਭਾਅ ਵਿੱਚ ਚਿੜਚਿੜਾਪਨ ਤਾਂ ਲਿਆਉਂਦੇ ਹੀ ਹਨ, ਇਨ੍ਹਾਂ ਕਾਰਨ ਵਿਅਕਤੀ ਦੀ ਕੰਮ 'ਤੇ ਜਾਣ ਦੀ ਹਾਲਤ ਵੀ ਨਹੀਂ ਰਹਿੰਦੀ। ਸਿਰ ਭਾਰਾ, ਸਿਰ ਵਿੱਚ ਦਰਦ, ਰੌਸ਼ਨੀ ਚੰਗੀ ਨਾ ਲੱਗਣੀ, ਚਿਹਰਾ ਲਾਲ ਹੋ ਜਾਣਾ, ਸਰੀਰ ਬੇਜਾਨ, ਸੁੱਕੀ ਖੰਘ, ਗਲਾ ਖ਼ੁਸ਼ਕ ਅਤੇ ਬਾਰ-ਬਾਰ ਛਿੱਕਾਂ ਮਾਰਨ ਨਾਲ ਪਸਲੀਆਂ ਵਿੱਚ ਦਰਦ ਦੇ ਕਾਰਨ ਵਿਅਕਤੀ ਬੇਹਾਲ ਹੋ ਜਾਂਦਾ ਹੈ। ਮਰੀਜ਼ ਨੂੰ ਕਿਸੇ ਵੀ ਅਵਸਥਾ ਵਿੱਚ ਚੈਨ ਨਹੀਂ ਮਿਲਦਾ। ਬੇਚੈਨੀ ਕਰਕੇ ਉਹ ਘਰ ਦੇ ਅੰਦਰ ਜਾਂ ਬਾਹਰ ਟਿਕ ਕੇ ਬੈਠ ਨਹੀਂ ਸਕਦਾ। ਕਈ ਕੇਸਾਂ ਵਿੱਚ ਉਪਰੋਕਤ ਲੱਛਣਾਂ ਦੇ ਨਾਲ ਨਾਲ ਇੰਨੀ ਜ਼ਬਰਦਸਤ ਐਲਰਜੀ ਹੁੰਦੀ ਹੈ ਕਿ ਸਾਹ ਦੀ ਨਾਲੀ ਵਿੱਚ ਵੀ ਤਕਲੀਫ਼ ਮਹਿਸੂਸ ਹੋਣ ਲੱਗ ਜਾਂਦੀ ਹੈ ਅਤੇ ਸਾਹ ਲੈਣਾ ਵੀ ਔਖਾ ਲੱਗਣ ਲੱਗ ਜਾਂਦਾ ਹੈ। ਰਵਾਇਤੀ ਇਲਾਜ ਪ੍ਰਣਾਲੀ ਵਿੱਚ ਐਲਰਜੀ ਦਾ ਅਸਰ ਘਟਾਉਣ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ (ਹੋਮਿਓਪੈਥ)**
Surrey
(604) 502-9579

ਲਈ ਐਲਰਜੀ ਦਾ ਕਾਰਨ ਬਣਨ ਵਾਲੇ ਖ਼ਾਸ ਤੱਤ ਦਾ ਪਤਾ ਕਰਨ ਤੋਂ ਬਾਅਦ ਟੀਕੇ ਰਾਹੀਂ ਆਈਸੋਪੈਥਿਕ (ਇਸੋਪਓਟਹਚਿ) ਦਵਾਈਆਂ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਵੀ ਐਲਰਜੀ ਦਾ ਕਾਰਨ ਬਣਨ ਵਾਲੇ ਤਕਰੀਬਨ ਸਾਰੇ ਤੱਤਾਂ ਨੂੰ ਸਥਾਪਤ ਹੋਮਿਓਪੈਥਿਕ ਫ਼ਾਰਮੇਸੀਆਂ ਵੱਲੋਂ ਪੋਟੈਨਟਾਈਜ਼ ਕੀਤਾ ਹੋਇਆ ਹੈ। ਫ਼ਰਕ ਸਿਰਫ਼ ਇਹ ਹੈ ਕਿ ਹੋਮਿਓਪੈਥੀ ਵਿੱਚ ਖਾਣ ਵਾਲੀ ਦਵਾਈ ਦਿੱਤੀ ਜਾਂਦੀ ਹੈ। ਜਿਸ ਪਦਾਰਥ ਤੋਂ ਵਿਅਕਤੀ ਸੰਵੇਦਬਸ਼ੀਲ ਹੁੰਦਾ ਹੈ ਉਸੇ ਪਦਾਰਥ ਤੋਂ ਹੋਮਿਓਪੈਥਿਕ ਫ਼ਾਰਮਾਕੋਪੀਆ ਅਨੁਸਾਰ ਦਵਾਈ ਦੀ ਪੋਟੈਂਸੀ ਤਿਆਰ ਕੀਤੀ ਜਾਂਦੀ ਹੈ। ਰਹੀਨਾਇਟੀਸ ਅਤੇ ਹੇਅ-ਫ਼ੀਵਰ ਦੇ ਇਲਾਜ ਲਈ ਕਾਊਂਟਰ ਤੋਂ ਮਿਲਣ ਵਾਲੀਆਂ ਅਤੇ ਤਜਵੀਜ਼ ਕੀਤੀ ਜਾਣ ਵਾਲੀਆਂ ਬਹੁਤ ਸਾਰੀਆਂ ਦਵਾਈਆਂ ਉਪਲਬਧ ਹਨ। ਇਨ੍ਹਾਂ ਦੀਆਂ ਦੋ ਪ੍ਰਮੁੱਖ ਸ਼੍ਰੇਣੀਆਂ ਹਨ:

- Antihistamines (ਐਂਟੀਹਿਸਟੇਮਾਈਨਜ਼)
- Topical Steroids (ਟੌਪੀਕਲ ਸਟੀਰੌਇਡਜ਼)

ਇਹ ਦੋਵਾਂ ਤਰ੍ਹਾਂ ਦੀਆਂ ਦਵਾਈਆਂ ਐਲਰਜੀ ਤੋਂ ਅਸਥਾਈ ਤੌਰ 'ਤੇ ਰਾਹਤ ਦਿੰਦੀਆਂ ਹਨ ਅਤੇ ਆਮ ਤੌਰ 'ਤੇ ਦਿਨ ਪ੍ਰਤੀ ਦਿਨ ਜਾਂ ਅਟੈਕ ਹੋਣ 'ਤੇ ਲੈਣੀਆਂ ਪੈਂਦੀਆਂ ਹਨ। ਪਰ ਇਨ੍ਹਾਂ ਦੇ ਆਪਣੇ ਮਾੜੇ ਪ੍ਰਭਾਵ ਵੀ ਹੁੰਦੇ ਹਨ ਜਿਨ੍ਹਾਂ ਨਾਲ ਨੀਂਦ ਜਾਂ ਘੁਮੇਰੀ ਆਉਣੀ ਅਤੇ ਧਿਆਨ ਲਗਾਉਣ ਵਿੱਚ ਮੁਸ਼ਕਲ ਆਉਣੀ, ਖ਼ਾਸ ਕਰਕੇ ਗੱਡੀ ਚਲਾਉਣ ਵੇਲੇ ਜਾਂ ਕਿਸੇ ਮਸ਼ੀਨ 'ਤੇ ਕੰਮ ਕਰਨ ਸਮੇਂ। ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਇਸ ਪੀੜਤ ਅਵਸਥਾ ਵਾਸਤੇ ਬਹੁਤ ਢੁਕਵੀਆਂ ਦਵਾਈਆਂ ਉਪਲਬਧ ਹਨ। ਪਰ ਜੇ ਪੀੜਤ ਵਿਅਕਤੀ ਨੂੰ ਉਸ ਦੀ ਪੂਰੀ ਬਣਤਰ, ਉਸ ਦੇ ਸੁਭਾਅ, ਆਦਤਾਂ ਅਤੇ ਜੀਵਨ-ਸ਼ੈਲੀ ਤੋਂ ਇਲਾਵਾ ਐਲਰਜੀ ਕਾਰਨ ਪੈਦਾ ਹੋਏ ਲੱਛਣਾਂ ਨੂੰ ਸਮਝਦਿਆਂ ਹੋਇਆਂ ਢੁਕਵੀਂ ਹੋਮਿਓਪੈਥਿਕ ਦਵਾਈ ਦਿੱਤੀ ਜਾਵੇ ਤਾਂ ਉਸ ਨੂੰ ਐਲਰਜੀ ਤੋਂ ਹਮੇਸ਼ਾ ਵਾਸਤੇ ਛੁਟਕਾਰਾ ਮਿਲ ਸਕਦਾ ਹੈ। ਹੋਮਿਓਪੈਥਿਕ ਦਵਾਈਆਂ ਦਾ ਕੋਈ ਸਾਈਡ-ਅਫ਼ੈਕਟ ਨਹੀਂ ਹੁੰਦਾ ਅਤੇ ਇਹ ਵਿਅਕਤੀ ਦੇ ਦਿਨ ਪ੍ਰਤੀ ਦਿਨ ਦੇ ਕੰਮ ਵਿੱਚ ਵੀ ਅੜਚਨਾਂ ਪੈਦਾ ਨਹੀਂ ਕਰਦੀਆਂ। ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਹੀ ਸਹੀ ਹੋਮਿਓਪੈਥਿਕ ਦਵਾਈ ਦੀ ਚੋਣ ਕਰਨ ਉਪਰੰਤ ਐਲਰਜੀ ਤੋਂ ਪੀੜਤ ਵਿਅਕਤੀ ਦੀ ਮਦਦ ਕਰ ਸਕਦਾ ਹੈ।

**ਐਲਰਜੀ ਤੋਂ ਬਚਣ ਲਈ ਕੁਝ ਸਹਾਇਕ ਗੁਰ:**

ਧੋਤੇ ਕਪੜਿਆਂ ਨੂੰ ਸੁਕਾਉਣ ਲਈ ਖੁੱਲ੍ਹੇ ਵਿੱਚ ਨਾ ਲਟਕਾਓ ਕਿਉਂਕਿ ਕਪੜੇ ਅਤੇ ਚਾਦਰਾਂ ਉੱਪਰ ਪੋਲਨ ਡਸਟ ਜੰਮ ਜਾਂਦੀ ਹੈ। ਘਰ ਵਿੱਚ ਅਤੇ ਕਾਰ ਚਲਾਉਂਦੇ ਸਮੇਂ ਖਿੜਕੀਆਂ ਨੂੰ ਬੰਦ ਰੱਖਣ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਜਿਹੜੀ ਚੀਜ਼ ਮਿੱਟੀ ਜਾਂ ਧੂੜ ਇਕੱਠੀ ਕਰ ਸਕਦੀ ਹੈ ਉਸ ਉੱਪਰ ਪੋਲਨ ਵੀ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ, ਕਾਰਪੈੱਟ, ਕੰਧ 'ਤੇ ਲਟਾਈਆਂ ਚੀਜ਼ਾਂ, ਪਰਦੇ, ਫ਼ਰਨੀਚਰ ਦੇ ਕਵਰ ਅਤੇ ਹੋਰ ਸਤਹਾਂ ਜਿੱਥੇ ਧੂੜ ਜੰਮ ਸਕਦੀ ਹੈ। ਸਵੇਰੇ 6 ਤੋਂ 10 ਵਜੇ ਤਕ ਹਵਾ ਵਿੱਚ ਪੋਲਨ ਦਾ ਅਸਰ ਵਧੇਰੇ ਹੁੰਦਾ ਹੈ। ਇਸ ਲਈ ਇਸ ਸਮੇਂ ਦੌਰਾਨ ਖੁੱਲ੍ਹੇ ਵਿੱਚ ਜਾਣ ਤੋਂ ਗੁਰੇਜ਼ ਕਰੋ। ਬਰਸਾਤ ਹੋਣ ਤੋਂ ਬਾਅਦ ਪੋਲਨ ਘਟ ਜਾਂਦਾ ਹੈ। ਲੰਮੇ ਸਮੇਂ ਤਕ ਬਾਹਰ ਰਹਿਣ ਤੋਂ ਬਾਅਦ ਨਹਾ ਕੇ ਕਪੜੇ ਬਦਲਣੇ ਚਾਹੀਦੇ ਹਨ। ਇਸ ਨਾਲ ਪੋਲਨ ਦਾ ਅਸਰ ਘਟ ਜਾਵੇਗਾ। ਐਨਕਾਂ ਪਹਿਨਣ ਨਾਲ ਅੱਖਾਂ 'ਤੇ ਪੋਲਨ ਦਾ ਅਸਰ ਘਟ ਜਾਂਦਾ ਹੈ।

ਨਸ਼ਿਆਂ ਤੋਂ ਛੁਟਕਾਰਾ ਪਾਓ
night & day
recovery
ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




Night and Day Recovery Centre
Surrey's Choice Rehabilitation Centre
C: 778-855-3172, F: 778-395-4113
14688-106 Ave. Surrey BC
info@nightanddayrecovery.ca www.nightanddayrecovery.ca




ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ
ਹਾਈ ਕਲਾਸ ਜਿਊਲਰ
ਜਲੰਧਰ ਵਾਲੇ
☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.
Repairing, Polishing & Appraisals
Step-in and see our exclusive collections of Singapore, India, Pakistan and Custom-made 22K Jewellery
OFFICIAL AGENTS OF RADO WATCHES
ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ
6570 - Main St., (Between 49th & 50th) Vancouver BC
Ph: 604-327-3132
FAX: 604-327-0335

# ਇਹ ਕਿਹੋ ਜਿਹੀ ਆਜ਼ਾਦੀ! ਜਿਹੜੀ ਆਰਥਕ ਅਸਮਾਨਤਾ ਨੂੰ ਜਨਮ ਦੇਵੇ?

ਆਰਥਕ ਫ਼ਰੰਟ 'ਤੇ ਅਸੀਂ ( ਭਾਰਤ ਵਾਸੀ)ਕਿਵੇਂ ਮੂਧੇ-ਮੂੰਹ ਡਿੱਗੇ ਹੋਏ ਹਾਂ। ਐਫ਼.ਪੀ.ਆਈ. ਦੀ ਹਾਲਤ ਐਫ਼.ਡੀ.ਆਈ. ਤੋਂ ਵੀ ਮਾੜੀ ਹੈ। ਵਿਦੇਸ਼ੀ ਨਿਵੇਸ਼ਕਾਂ ਨੇ ਇਕੱਲਿਆਂ ਹੀ ਮਈ 22 ਵਿਚ 40 ਹਜ਼ਾਰ ਕਰੋੜ ਰੁਪਏ ਦੀ ਵਿਕਰੀ ਕਰ ਦਿਤੀ ਜੋ ਮਾਰਚ-2022 ਤੋਂ ਬਾਅਦ ਇਕ ਵੱਡੀ ਮਾਸਕ ਵਿਕਵਾਲੀ ਹੈ। ਇਸ ਸਾਲ ਮਈ ਮਹੀਨੇ 'ਚ ਐਫਪੀਆਈ. ਵਿਕਵਾਲੀ ਦਾ ਕੁਲ ਅੰਕੜਾ ਇਕ ਲੱਖ 71 ਹਜ਼ਾਰ ਕਰੋੜ ਰੁਪਏ ਪਹੁੰਚ ਗਿਆ ਹੈ।ਵਿਦੇਸ਼ੀ ਨਿਵੇਸ਼ ਦਾ ਦੇਸ਼ 'ਚ ਇਸ ਤਰ੍ਹਾਂ ਘਟਣਾ ਇਹ ਦਰਸਾਉਂਦਾ ਹੈ ਕਿ ਨਿਵੇਸ਼ ਕਰਨ ਵਾਲਿਆਂ ਦੀਆਂ ਨਜ਼ਰਾਂ 'ਚ ਭਾਰਤ ਵਿਚ ਨਿਵੇਸ਼ ਕਰਨਾ ਇਸ ਸਮੇਂ ਜੋਖਮ ਉਠਾਉਣ ਬਰਾਬਰ ਹੈ। ਉਹ ਨਿਵੇਸ਼ ਕਰਨ ਲਈ ਅਮਰੀਕਾ ਨੂੰ ਸੁਰੱਖਿਅਤ ਸਮਝ ਰਹੇ ਹਨ।ਵਿਦੇਸ਼ੀ ਕਰਜ਼ਾ ਪਿਛਲੇ ਮਾਰਚ 2022 ਤਕ ਵੱਧ ਕੇ 620.7 ਅਰਬ ਡਾਲਰ ਹੋ ਗਿਆ ਹੈ ਭਾਵ ਦੇਸ਼ ਅੰਦਰ ਮਹਿੰਗਾਈ ਦੇ ਨਾਲ-ਨਾਲ ਬੇਰੁਜ਼ਗਾਰੀ 'ਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।ਭਾਰਤ ਨੂੰ ਆਜ਼ਾਦ ਹੋਇਆਂ 75 ਸਾਲ ਦਾ ਅਰਸਾ ਕੋਈ ਥੋੜ੍ਹਾ ਸਮਾਂ ਤਾਂ ਨਹੀਂ ਹੁੰਦਾ। 15 ਅਗੱਸਤ 1947 ਤੋਂ ਅੱਜ ਤਕ ਦੇਸ਼ ਦੇ ਲੋਕਾਂ ਦੀ ਦਸ਼ਾ ਕਿਸੇ ਵੀ ਖੇਤਰ ਅੰਦਰ ਬਿਹਤਰ ਹੋਈ ਨਹੀਂ ਦਿਸਦੀ।ਆਜ਼ਾਦ ਭਾਰਤ ਦੀ ਰਾਜ-ਸੱਤਾ ਅੰਦਰ ਸਰਕਾਰ ਦੀ ਵਾਗਡੋਰ ਪੂੰਜੀਵਾਦੀ ਸਿਸਟਮ ਦੇ ਹੱਥ ਆਉਣ ਕਾਰਨ ਅੱਜ ਭਾਰਤ ਅਨਪੜ੍ਹਤਾ, ਗ਼ਰੀਬੀ ਤੇ ਬਿਮਾਰੀਆਂ ਨਾਲ ਜੂਝ ਰਿਹਾ ਹੈ। ਸਭ ਤੋਂ ਵੱਡਾ ਮਸਲਾ ਇਸ ਵੇਲੇ ਦੇਸ਼ ਸਾਹਮਣੇ ਬੇ-ਰੁਜ਼ਗਾਰੀ ਨਾਲ ਨਿਪਟਣ ਦਾ ਹੈ। ''ਆਕਸਫ਼ੈਮ ਇੰਟਰਨੈਸ਼ਨਲ ਦੀ ਰਿਪੋਰਟ ''ਇਨ-ਇਕੁਐਲਟੀ ਕਿਲਜ਼'' ਮੁਤਾਬਕ ਕੋਵਿਡ-19 ਮਹਾਂਮਾਰੀ ਤੋਂ ਬਾਅਦ ਭਾਰਤ ਦੀ ਆਬਾਦੀ ਦਾ ਇਕ ਵੱਡਾ ਹਿੱਸਾ ਅਪਣੀਆਂ ਰੋਜ਼ਮਰ੍ਹਾਂ ਦੀਆਂ ਜ਼ਰੂਰਤਾਂ ਤੇ ਬੁਨਿਆਦੀ ਲੋੜਾਂ ਵੀ ਪੂਰੀ ਕਰਨ ਤੋਂ ਅਸਮਰਥ ਰਹਿ ਰਿਹਾ ਹੈ।ਆਕਸਫ਼ੈਮ ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ, ''ਜੇਕਰ ਇਹ 10 ਵੱਡੇ ਪੂੰਜੀਪਤੀ ਅਪਣੀ ਜਾਇਦਾਦ ਦਾ 89 ਫ਼ੀਸਦੀ ਹਿੱਸਾ ਵੀ ਹੇਠਲੇ ਵਰਗ ਨੂੰ ਦੇ ਦੇਣ ਜਾਂ ਵੰਡ ਦੇਣ ਤਾਂ ਧਰਤੀ 'ਤੇ 89 ਫ਼ੀਸਦੀ ਲੋਕ ਗ਼ਰੀਬੀ ਤੋਂ ਮੁਕਤੀ ਪਾ ਸਕਦੇ ਹਨ।

ਸੰਯੁਕਤ-ਰਾਸ਼ਟਰ ਦੀ ਰੀਪੋਰਟ ਅਨੁਸਾਰ ਸੰਸਾਰ 'ਤੇ ਚੀਨ ਤੇ ਅਮਰੀਕਾ ਤੋਂ ਬਾਅਦ ਭਾਰਤ ਹੀ ਅਰਬਪਤੀਆਂ ਦੀ ਗਿਣਤੀ 'ਚ ਆਉਂਦਾ ਹੈ ਤੇ ਉਸ ਦੀ ਤੀਸਰੀ ਥਾਂ ਹੈ। ਦੂਜੇ ਪਾਸੇ ਦੁਨੀਆਂ ਅੰਦਰ ਪੈਦਾ ਹੋ ਰਹੇ ਗ਼ਰੀਬਾਂ 'ਚ ਅੱਧੇ ਭਾਰਤ 'ਚੋਂ ਹੁੰਦੇ ਹਨ। ਜਿਸ ਦੇਸ਼ ਅੰਦਰ ਅਮੀਰੀ ਦੇ ਅੰਕੜੇ ਵੱਧ ਰਹੇ ਹੋਣ ਤੇ ਗ਼ਰੀਬਾਂ ਦੀਆਂ ਲਾਈਨਾਂ 'ਚ ਵਾਧਾ ਹੋ ਰਿਹਾ ਹੋਵੇ, ਸਮਝੋ ਉਸ ਦੇਸ਼ ਦੇ ਅਵਾਮ ਦਾ ਵੱਡਾ ਹਿੱਸਾ ਵੱਡੀ ਤ੍ਰਾਸਦੀ 'ਚੋਂ ਲੰਘ ਰਿਹਾ ਹੈ।

ਦੇਸ਼ ਦੀ ਗ਼ਰੀਬ ਜਨਤਾ ਜਿਹੜੀ ਬਹੁ-ਗਿਣਤੀ ਵਿਚ ਹੈ, ਗੁਰਬਤ ਦੀ ਚੱਕੀ 'ਚ ਪਿਸ ਰਹੀ ਹੈ। ਪਰ ਦੂਸਰੇ ਪਾਸੇ ਉੱਚ-ਵਰਗ ਤੇ ਪੂੰਜੀਪਤੀਆਂ ਦੀ ਪੂੰਜੀ 'ਚ ਲਗਾਤਾਰ ਅਥਾਹ ਵਾਧਾ ਹੋ ਰਿਹਾ ਹੈ। ਪਿਛਲੇ ਦੋ ਸਾਲਾਂ ਦੇ ਮਹਾਂਮਾਰੀ ਸਮੇਂ ਦੌਰਾਨ ਦੇਸ਼ ਦੇ 23-ਕਰੋੜ ਕਿਰਤੀਆਂ ਨੂੰ ਹਰ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ। ਪਰ ਭਾਰਤ ਦੇ ਉਪਰਲੇ 142-ਪੂੰਜੀਪਤੀਆਂ ਦੀਆਂ ਜਾਇਦਾਦਾਂ 'ਚ ਦੁਗਣਾ-ਤਿਗੁਣਾ ਵਾਧਾ ਹੋਣਾ ਹੈਰਾਨੀਜਨਕ ਹੈ।ਲੰਮੀਆਂ-ਲੰਮੀਆਂ ਸੜਕਾਂ, ਧੂਆਂ ਕੱਢ ਰਹੀਆਂ ਚਿਮਨੀਆਂ, ਸੜਕਾਂ 'ਤੇ ਦੌੜ ਰਹੀਆਂ ਲੱਖਾਂ ਰੰਗ-ਬਿਰੰਗੀਆਂ ਕਾਰਾਂ, ਵੱਡੇ-ਵੱਡੇ ਮਾਲ ਤੇ ਇਮਾਰਤਾਂ ਚੰਦ ਕੁ ਦੇਸ਼ਵਾਸੀਆਂ ਦੀਆਂ ਤਜੋਰੀਆਂ ਤਾਂ ਭਰ ਰਹੀਆਂ ਹਨ ਪਰ 80 ਫ਼ੀਸਦੀ ਭਾਰਤੀਆਂ ਨੂੰ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੋ ਰਹੀ। ਕੀ ਇਹੀ ਆਜ਼ਾਦੀ ਹੈ ਜੋ 75 ਸਾਲ ਪਹਿਲਾਂ ਅਸੀਂ ਕਿਆਸੀ ਸੀ? ਦੇਸ਼ ਦੇ ਕਿਰਤੀ-ਵਰਗ ਦੀ ਮੁਕਤੀ ਲਈ ਸਾਨੂੰ ਸਮਾਜਕ ਭੇਦਭਾਵ, ਜਾਤੀ ਜ਼ਬਰ ਤੇ ਲਿੰਗ-ਭੇਦ ਭਾਵ ਦੇ ਮੁੱਦਿਆਂ 'ਤੇ ਸੰਘਰਸ਼ਸ਼ੀਲ ਹੁੰਦੇ ਹੋਏ ਸਮਾਜ ਦੇ ਜਬਰ ਵਿਰੋਧੀ ਸੰਘਰਸ਼ਾਂ ਨੂੰ ਆਰਥਕ ਸ਼ੋਸ਼ਣ ਵਿਰੁਧ ਸੰਘਰਸ਼ਾਂ ਨਾਲ ਜੋੜਿਆ ਜਾਣਾ ਚਾਹੀਦਾ ਹੈ। ਜਮਾਤੀ ਏਕਤਾ ਨੂੰ ਤੋੜਨ ਵਾਲੀ ਪਛਾਣ ਦੀ ਰਾਜਨੀਤੀ ਵਿਰੁਧ ਵੀ ਸੰਘਰਸ਼ ਕਰਨਾ ਪਏਗਾ। ਸਾਰੀਆਂ ਜਮਹੂਰੀ ਸ਼ਕਤੀਆਂ ਨੂੰ ਇਕ-ਮੁੱਠ ਕਰ ਕੇ ਦੇਸ਼ ਬਚਾਉ, ਲੋਕ ਬਚਾਉ ਤੇ ਕਿਰਤੀ ਬਚਾਉ ਦੇ ਸੰਕਲਪ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

**-ਜਗਦੀਸ਼ ਸਿੰਘ ਚੋਹਕਾ (ਸਪੋਕਸਮੈਨ ਸਮਾਚਾਰ ਸੇਵਾ)**

## ਯੂਕਰੇਨ ਦਾ ਸਬਕ

# ਸਾਡੀ ਲੜਾਈ ਤੁਸੀਂ ਅਪਣੇ ਦੇਸ਼ ਵਿਚ ਲੜਦੇ ਰਹੋ, ਅਸੀ ਹਥਿਆਰਾਂ ਦੀ ਕਮੀ ਨਹੀਂ ਆਉਣ ਦਿਆਂਗੇ!

ਪਿਛਲੇ ਹਫ਼ਤੇ ਜਦ ਰੂਸ ਵਲੋਂ ਯੂਕਰੇਨ ਨਾਲ ਛੇੜੀ ਜੰਗ ਨੂੰ ਛੇ ਮਹੀਨੇ ਪੂਰੇ ਹੋਏ ਤਾਂ ਉਸੇ ਸਮੇਂ ਯੂਕਰੇਨ ਨੂੰ ਰੂਸ ਤੋਂ ਵੱਖ ਹੋਏ ਨੂੰ ਵੀ 31 ਸਾਲ ਪੂਰੇ ਹੋ ਗਏ ਸਨ। ਬਹੁਤ ਸੋਹਣੇ ਸ਼ਬਦ ਨਾ ਸਿਰਫ਼ ਯੂਕਰੇਨ ਦੇ ਰਾਸ਼ਟਰਪਤੀ ਦੇ ਮੂੰਹੋਂ ਨਿਕਲੇ ਬਲਕਿ ਦੁਨੀਆਂ ਦੇ ਦੂਜੇ ਵੱਡੇ ਆਗੂਆਂ ਨੇ ਵੀ ਯੂਕਰੇਨ ਦੇ ਦਰਦ ਦੀ ਘੜੀ ਵਿਚ ਅਪਣਾ ਸਮਰਥਨ ਦਿਤਾ। ਅਮਰੀਕਨ ਰਾਸ਼ਟਰਪਤੀ ਨੇ ਆਖਿਆ ਕਿ ਇਸ ਆਜ਼ਾਦੀ ਦਿਵਸ ਤੇ ਯੂਕਰੇਨ ਦਾ ਦੁਬਾਰਾ ਜਨਮ ਹੋਇਆ ਹੈ ਜਿਸ ਵਿਚ ਉਹ ਹੋਰ ਤਾਕਤਵਰ ਬਣ ਕੇ ਨਿਕਲਿਆ ਹੈ। ਔਖੀ ਘੜੀ ਦੇ ਇਮਤਿਹਾਨ ਨੂੰ ਛੋਟਾ ਜਿਹਾ ਦੇਸ਼ ਬੜੀ ਸਿਆਣਪ ਨਾਲ ਪਾਸ ਕਰ ਕੇ ਵਿਖਾ ਰਿਹਾ ਹੈ।

ਪਰ ਇਸ ਜੰਗ ਨੇ ਸਾਨੂੰ ਕੀ ਸਿਖਾਇਆ ਹੈ? ਤੁਸੀਂ ਵਿਸ਼ਵ ਜੰਗ ਯਾਦ ਕਰੋ ਜਾਂ ਜਰਮਨੀ ਦਾ ਘੱਲੂਘਾਰਾ, ਉਹ ਤਾਂ ਯਹੂਦੀਆਂ ਦਾ ਬੀਜ ਨਾਸ ਕਰਨ ਲਈ ਕੀਤਾ ਗਿਆ ਵਾਰ ਸੀ। ਜਰਮਨੀ ਅਪਣੇ ਆਸ ਪਾਸ ਦੇ ਦੇਸ਼ਾਂ ਨੂੰ ਹੀ ਕਾਬੂ ਕਰਨਾ ਚਾਹੁੰਦਾ ਸੀ। ਪਰ ਉਸ ਸਮੇਂ ਬਾਕੀ ਦੁਨੀਆਂ ਦੇ ਦੇਸ਼ਾਂ ਵਿਚ ਇਕ ਦੂਜੇ ਪ੍ਰਤੀ ਸੱਚੀ ਵੀ ਹਮਦਰਦੀ ਸੀ ਅਤੇ ਦੂਜਿਆਂ ਦੀ ਤਕਲੀਫ਼ ਪ੍ਰਤੀ ਚਿੰਤਾ ਵੀ ਸੀ। ਵਿਸ਼ਵ ਜੰਗ ਵਿਚ ਭਾਵੇਂ ਇੰਗਲੈਂਡ ਦੇ ਝੰਡੇ ਹੇਠ ਹੀ ਸਿੱਖ ਫ਼ੌਜੀ ਅਪਣਾ ਯੋਗਦਾਨ ਪਾਉਣ ਗਏ ਸਨ ਪਰ ਉਨ੍ਹਾਂ ਨੇ ਅਪਣੀ ਪੂਰੀ ਤਾਕਤ ਨਾਲ ਲੜਾਈ ਲੜੀ ਸੀ ਜਿਸ ਕਾਰਨ ਅੱਜ ਵੀ ਉਨ੍ਹਾਂ ਦੀ ਯਾਦਗਾਰ ਇੰਗਲੈਂਡ ਸਮੇਤ ਕਈ ਦੇਸ਼ਾਂ ਵਿਚ ਮੌਜੂਦ ਹੈ। ਉਸ ਸਮੇਂ ਇੰਟਰਨੈੱਟ ਨਹੀਂ ਸੀ ਹੁੰਦਾ।ਜਾਣਕਾਰੀ ਆਰਾਮ ਨਾਲ ਨਹੀਂ ਸੀ ਪਹੁੰਚਦੀ ਪਰ ਫਿਰ ਵੀ ਲੋਕਾਂ ਨੂੰ ਇਕ ਦੂਜੇ ਦਾ ਦਰਦ ਮਹਿਸੂਸ ਹੁੰਦਾ ਸੀ। ਜੰਗ ਵਿਚ ਫ਼ੌਜੀਆਂ ਵਾਸਤੇ ਔਰਤਾਂ ਅਪਣੇ ਗਹਿਣੇ ਤਕ ਉਤਾਰ ਭੇਜਦੀਆਂ ਸਨ ਭਾਵੇਂ ਉਨ੍ਹਾਂ ਦੀ ਤਸਵੀਰ ਕਿਸੇ ਨੇ ਫ਼ੇਸਬੁਕ ਜਾਂ ਇੰਸਟਾਗ੍ਰਾਮ ਤੇ ਨਹੀਂ ਸੀ ਪਾਉਣੀ ਹੁੰਦੀ ਕਿਉਂਕਿ ਕਿਸੇ ਨੂੰ ਉਹ ਜਾਣਦੇ ਵੀ ਨਹੀਂ ਸਨ ਹੁੰਦੇ। ਉਹ ਉਸ ਵੇਲੇ ਕੇਵਲ ਇਨਸਾਨੀਅਤ ਦੇ ਨਾਤੇ ਹੀ ਕੁੱਝ ਕਰਨਾ ਲੋਚਦੇ ਸਨ। ਪਰ ਅੱਜ ਤਗੜੀ ਤੇ ਭਾਰੀ ਭਰਕਮ ਸੰਯੁਕਤ ਰਾਸ਼ਟਰ ਦੇ ਹੋਣ ਦੇ ਬਾਵਜੂਦ ਸਾਨੂੰ ਇਨਸਾਨੀਅਤ ਘੱਟ ਹੀ ਵੇਖਣ ਨੂੰ ਮਿਲ ਰਹੀ ਹੈ।

ਅਮਰੀਕਾ ਐਨਾ ਜ਼ਿਆਦਾ ਅਸਲਾ ਭੇਜ ਰਿਹਾ ਹੈ ਕਿ ਯੂਕਰੇਨ ਸਦਾ ਲੜਦਾ ਹੀ ਰਹੇ। ਇਸ ਦਾ ਮਤਲਬ ਹੈ ਕਿ ਤੁਸੀਂ ਸਾਡੀ ਲੜਾਈ ਅਪਣੇਂ ਮੁਲਕ ਵਿੱਚ ਲੜੋ ਅਸੀ ਹਥਿਆਰਾਂ ਦੀ ਕਮੀ ਨਹੀਂ ਆਉਣ ਦਿਆਂਗੇ! ਹਰ ਦੇਸ਼ ਅਪਣੀ ਸਮਰੱਥਾ ਮੁਤਾਬਕ ਯੂਕਰੇਨ ਨੂੰ ਅਸਲਾ ਭੇਜ ਅਪਣਾ ਪੱਲਾ ਝਾੜ ਰਿਹਾ ਹੈ ਤੇ ਦੂਜੇ ਪਾਸੇ ਸਾਰੇ ਅਪਣੀ ਆਰਥਕਤਾ ਨੂੰ ਮਜ਼ਬੂਤ ਕਰਨ ਲਈ ਰੂਸ ਤੋਂ ਸਸਤਾ ਤੇਲ ਖ਼ਰੀਦ ਰਹੇ ਹਨ। ਕੁਲ 15 ਕਰੋੜ ਲੋਕ ਬੇਘਰ ਹੋ ਚੁੱਕੇ ਹਨ। ਲੱਖਾਂ ਦੀ ਤਾਦਾਦ ਵਿਚ ਦੋਹਾਂ ਦੇਸ਼ਾਂ ਵਿਚ ਮੌਤਾਂ ਹੋ ਚੁਕੀਆਂ ਹਨ। ਪਰ ਇਸ ਜੰਗ ਦੇ ਖ਼ਾਤਮੇ ਦੀ ਕੋਈ ਗੱਲ ਹੀ ਸੁਣਾਈ ਨਹੀਂ ਦੇ ਰਹੀ ਕਿਉਂਕਿ ਅੱਜ ਦੇ ਸੋਸ਼ਲ ਮੀਡੀਆ ਵਾਂਗ ਦੁਨੀਆਂ ਇਕ ਵਿਖਾਵੇ ਵਾਲੀ ਬੇਢੰਗੀ ਚਾਲ ਹੀ ਚਲ ਰਹੀ ਹੈ।ਤੁਹਾਡੀ ਸੋਸ਼ਲ ਮੀਡੀਆ ਪ੍ਰੋਫ਼ਾਈਲ ਤੇ, ਵੱਖ ਵੱਖ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਤੁਹਾਡੇ ਦੋਸਤ ਹੋਣਗੇ ਪਰ ਅਸਲ ਵਿਚ ਤੁਹਾਡੀ ਬੀਮਾਰੀ ਵੇਲੇ, ਕਿੰਨੇ ਲੋਕ, ਅੱਧੀ ਰਾਤ ਨੂੰ ਤੁਹਾਨੂੰ ਹਸਪਤਾਲ ਵਿਚ ਲਿਜਾਣ ਲਈ ਬਿਸਤਰੇ 'ਚੋਂ ਨਿਕਲਣਗੇ? ਅੱਜ ਅਸੀ ਇਸ ਸੋਸ਼ਲ ਮੀਡੀਆ ਦੇ ਗ਼ੁਲਾਮ ਬਣ ਚੁਕੇ ਹਾਂ ਜਿਥੇ ਅਸੀ ਮਰਦੇ ਹੋਏ ਲੋਕਾਂ ਦੀਆਂ ਤਸਵੀਰਾਂ ਵਿਖਾ ਕੇ ਅਪਣਾ ਦੁੱਖ ਪ੍ਰਗਟਾਉਣ ਜਾਂ ਤਸਵੀਰ ਸਾਂਝੀ ਕਰਨ ਨੂੰ ਹੀ ਅਪਣਾ ਯੋਗਦਾਨ ਮੰਨਦੇ ਹਾਂ ਪਰ ਅਸਲ ਵਿਚ ਕਿਸੇ ਦੀ ਕੋਈ ਮਦਦ ਕਰਨ ਦੀ ਕੋਸ਼ਿਸ਼ ਵੀ ਨਹੀਂ ਕਰਦੇ ਵਿਖਾਈ ਦੇਂਦੇ। ਸ਼ਾਇਦ ਇਹ ਹੀ ਦੁਨੀਆਂ ਦੇ ਅੰਤ ਦੀ ਸ਼ੁਰੂਆਤ ਹੈ ਕਿਉਂਕਿ ਜਦ ਇਨਸਾਨ ਵਿਚ ਹਮਦਰਦੀ ਇਸ ਦੁਨਿਆਵੀ ਪੱਧਰ ਤੇ ਮਰਦੀ ਨਜ਼ਰ ਆ ਰਹੀ ਹੋਵੇ ਤਾਂ ਅਫ਼ਗਾਨਿਸਤਾਨ/ਯੂਕਰੇਨ ਤੋਂ ਚਲੀਆਂ ਅੱਗਾਂ ਦੁਨੀਆਂ ਨੂੰ ਕਦੇ ਨਾ ਕਦੇ ਅਪਣੀ ਲਪੇਟ ਵਿਚ ਲੈ ਹੀ ਲੈਣਗੀਆਂ।

--ਨਿਮਰਤ ਕੌਰ

# ਮਥੁਰਾ ਸਟੇਸ਼ਨ ਤੋਂ ਚੁੱਕਿਆ ਬੱਚਾ ਭਾਜਪਾ ਆਗੂ ਦੇ ਘਰੋਂ ਬਰਾਮਦ

ਮਥੁਰਾ:ਇਥੇ ਰੇਲਵੇ ਸਟੇਸਨ ਤੋਂ ਪਿਛਲੇ ਹਫਤੇ ਚੋਰੀ ਕੀਤੇ ਗਏ ਬੱਚੇ ਨੂੰ ਭਾਜਪਾ ਆਗੂ ਦੇ ਘਰੋਂ ਬਰਾਮਦ ਕੀਤਾ ਗਿਆ ਹੈ, ਜਿਸ ਨੇ ਉਸ ਨੂੰ ਬਾਲ ਤਸਕਰੀ ਕਰਨ ਵਾਲੇ ਤੋਂ 1.8 ਲੱਖ ਰੁਪਏ ਵਿਚ ਖਰੀਦਿਆ ਸੀ। ਬੱਚਾ 24 ਅਗਸਤ ਨੂੰ ਮਥੁਰਾ ਰੇਲਵੇ ਸਟੇਸ਼ਨ ਦੇ ਪਲੇਟਫਾਰਮ 'ਤੇ ਆਪਣੀ ਮਾਂ ਦੇ ਕੋਲ ਸੌਂ ਰਿਹਾ ਸੀ, ਜਦੋਂ ਉਸ ਨੂੰ ਅਗਵਾ ਕਰ ਲਿਆ ਗਿਆ ਸੀ। ਕਈ ਦਿਨਾਂ ਦੀ ਭਾਲ ਤੋਂ ਬਾਅਦ ਉਸ ਨੂੰ ਫਿਰੋਜ਼ਾਬਾਦ ਦੀ ਭਾਜਪਾ ਕਾਰਪੋਰੇਟਰ ਵਿਨੀਤਾ ਅਗਰਵਾਲ ਅਤੇ ਉਸ ਦੇ ਪਤੀ ਕ੍ਰਿਸ਼ਨ ਮੁਰਾਰੀ ਅਗਰਵਾਲ ਦੇ ਘਰੋਂ ਬਰਾਮਦ ਕੀਤਾ ਗਿਆ। ਇਸ ਮਾਮਲੇ ਵਿਚ ਡਾਕਟਰ ਜੋੜਾ ਵੀ ਕਥਿਤ ਤੌਰ 'ਤੇ ਸ਼ਾਮਲ ਹੈ।

ਪੁਲਸ ਨੇ ਕਿਹਾ ਕਿ ਰੈਕੇਟ ਦੇ ਹੋਰਨਾਂ ਮੈਂਬਰਾਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਪੁਲਸ ਨੇ ਡਾਕਟਰ ਜੋੜੇ ਪ੍ਰੇਮ ਬਿਹਾਰੀ ਅਤੇ ਉਸ ਦੀ ਪਤਨੀ ਦਯਾਵਤੀ ਨੂੰ ਗ੍ਰਿਫਤਾਰ ਕੀਤਾ ਹੈ, ਜੋ ਹਾਥਰਸ 'ਚ ਬਾਂਕੇ ਬਿਹਾਰੀ ਹਸਪਤਾਲ ਨੂੰ ਅਜਿਹੇ ਕਾਰੋਬਾਰ ਨੂੰ ਚਲਾਉਣ ਲਈ ਵਰਤਦੇ ਸਨ। ਉਨ੍ਹਾਂ ਦੇ ਚਾਰ ਸਾਥੀਆਂ ਦੀਪ ਕੁਮਾਰ, ਪੂਨਮ, ਮਨਜੀਤ (43) ਅਤੇ ਵਿਮਲੇਸ਼ ਦੇ ਨਾਲ-ਨਾਲ ਭਾਜਪਾ ਦੀ ਕਾਰਪੋਰੇਟਰ ਵਿਨੀਤਾ ਅਗਰਵਾਲ (49) ਅਤੇ ਉਸ ਦੇ ਪਤੀ ਕ੍ਰਿਸਨ ਮੁਰਾਰੀ (51) ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।






# ਹਸਗੁੱਲੇ

ਪ੍ਰੀਆ (ਨੀਰਜ ਨੂੰ), ''ਜਾਨੂੰ, ਇਹ ਕੰਪਿਊਟਰ ਮੇਰੀ ਕਮਾਂਡ ਦੇ ਅਨੁਸਾਰ ਨਹੀਂ ਚੱਲ ਰਿਹਾ।"

ਨੀਰਜ, ''ਚੱਲੇਗਾ ਵੀ ਨਹੀਂ, ਕਿਉਂਕਿ ਇਹ ਕੰਪਿਊਟਰ ਹੈ, ਪਤੀ ਨਹੀਂ।"

*******

ਪਤੀ, ''ਮੇਰਾ ਅੰਦਾਜ਼ਾ ਇਹ ਕਹਿ ਰਿਹਾ ਹੈ ਕਿ ਇਸ ਡੱਬੇ ਵਿੱਚ ਕੋਈ ਖਾਣ ਵਾਲੀ ਚੀਜ਼ ਹੈ।"

ਪਤਨੀ, ''ਵਾਹ ਵਾਹ ਮੇਰੇ ਪਤੀ ਪਰਮੇਸ਼ਵਰ, ਤੁਸੀਂ ਬਿਲਕੁਲ ਸਹੀ ਅੰਦਾਜ਼ਾ ਲਗਾਇਆ, ਇਸ ਵਿੱਚ ਮੇਰੀ ਨਵੀਂ ਸੈਂਡਲ ਹੈ।"

*******

ਕੰਜੂਸ ਆਦਮੀ ਦੀ ਪਤਨੀ, ''ਸੁਣਦੇ ਹੋ ਜੀ, ਕੱਲ੍ਹ ਰਾਤ ਮੈਂ ਤੁਹਾਨੂੰ ਸੁਫਨੇ ਵਿੱਚ ਦੇਖਿਆ।"

ਕੰਜੂਸ, ''ਅੱਛਾ ਕੀ ਦੇਖਿਆ?"

ਪਤਨੀ, ''ਮੈਂ ਦੇਖਿਆ ਕਿ ਤੁਸੀਂ ਅਤੇ ਮੈਂ ਕਿਤੇ ਜਾ ਰਹੇ ਹਾਂ ਕਿ ਅਚਾਨਕ ਬਸ ਬੇਕਾਬੂ ਹੋ ਕੇ ਨਦੀ ਵਿੱਚ ਡਿੱਗ ਪਈ। ਹਰ ਕੋਈ ਆਪਣੀ ਜਾਨ ਬਚਾਉਣ ਲਈ ਤੈਰ ਰਿਹਾ ਸੀ, ਪਰ ਤੁਸੀਂ ਰੌਲਾ ਪਾ ਕੇ ਕਿਸੇ ਨੂੰ ਲੱਭ ਰਹੇ ਸੀ?"

ਕੰਜੂਸ, ''ਮੈਂ ਤੈਨੂੰ ਆਵਾਜ਼ ਦੇ ਰਿਹਾ ਸੀ ਨਾ? ਤੈਨੂੰ ਹੀ ਲੱਭ ਰਿਹਾ ਸੀ ਨਾ?"

ਪਤਨੀ, ''ਨਹੀਂ, ਤੁਸੀਂ ਰੌਲਾ ਪਾ ਰਹੇ ਸੀ, ਓਏ ਉਹ ਕੰਡਕਟਰ ਕਿੱਥੇ ਗਿਆ, ਤਿੰਨ ਰੁਪਏ ਵਾਪਸ ਲੈਣੇ ਸੀ।"

********

ਇਕ ਜਨਾਬ ਘਬਰਾਏ ਹੋਏ ਆਏ ਤੇ ਘਰ ਵਾਲੀ ਨੂੰ ਬੋਲੇ, ''ਡਾਰਲਿੰਗ! ਮੈਂ ਅੱਜ ਦਫਤਰ ਤੋਂ ਆ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ..."

ਓਨੀ ਦੇਰ ਨੂੰ ਬੱਚਾ ਬੋਲ ਪਿਆ ਤੇ ਪਤਨੀ ਉਸ ਦੀ ਗੱਲ ਸੁਣ ਲੱਗ ਪਈ।

ਪਤੀ ਨੇ ਫਿਰ ਕਹਿਣਾ ਸ਼ੁਰੂ ਕੀਤਾ, ''ਹਾਂ ਤਾਂ ਮੈਂ ਕਹਿ ਰਿਹਾ ਸੀ ਕਿ ਰਸਤੇ ਵਿੱਚ ਇਕ ਗਧਾ..।"

ਇੰਨੇ ਨੂੰ ਉਨ੍ਹਾਂ ਦਾ ਮੁੰਡਾ ਬੋਲਿਆ, ''ਮੰਮੀ, ਰੀਟਾ ਨੇ ਮੇਰੀ ਕਾਰ ਤੋੜ ਦਿੱਤੀ ਹੈ।"

ਘਰ ਵਾਲੀ ਖਿੱਝ ਕੇ ਬੋਲੀ, 'ਰੱਬ ਦਾ ਵਾਸਤਾ, ਚੁੱਪ,ਹੋ ਜਾਓ, ਮੈਨੂੰ ਪਹਿਲਾਂ ਗਧੇ ਦੀ ਗੱਲ ਸੁਣਨ ਦਿਓ।'

********

ਨੌਕਰਾਣੀ ਭੱਜਦੀ ਹੋਈ ਆਈ ਤੇ ਬੋਲੀ, 'ਮਾਲਕਣ, ਤੁਹਾਡੀ ਸੱਸ ਨੂੰ ਤਿੰਨ ਔਰਤਾਂ ਕੁੱਟ ਰਹੀਆਂ ਹਨ।

ਮਾਲਕਣ ਨੌਕਰਾਣੀ ਨਾਲ ਭੱਜ ਕੇ ਬਾਹਰ ਆਈ ਅਤੇ ਚੁੱਪਚਾਪ ਖੜੀ ਹੋ ਕੇ ਤਮਾਸ਼ਾ ਦੇਖਣ ਲੱਗੀ।ਨੌਕਰਾਣੀ ਬੋਲੀ, ''ਤੁਸੀਂ ਮਦਦ ਲਈ ਨਹੀਂ ਜਾਵੋਗੇ?" ਮਾਲਕਣ, ''ਨਹੀਂ, ਉਸ ਦੇ ਲਈ ਤਿੰਨ ਹੀ ਕਾਫੀ ਹਨ।"

********

ਸਿੰਗਲੇ ਤੇ ਅਸ਼ੋਕ ਦਾ ਐਕਸੀਡੈਂਟ ਹੋ ਗਿਆ।

ਹਸਪਤਾਲ ਵਿੱਚ ਸਿੰਗਲੇ ਦੀ ਜਦੋਂ ਮੱਲ੍ਹਮ-ਪੱਟੀ ਕੀਤੀ ਜਾ ਰਹੀ ਸੀ ਤਾਂ ਉਸ ਨੇ ਬੜਾ ਰੌਲਾ ਪਾਇਆ ਅਤੇ ਸਾਰਾ ਹਸਪਤਾਲ ਸਿਰ 'ਤੇ ਚੁੱਕ ਲਿਆ।

ਜਦੋਂ ਅਸ਼ੋਕ ਦੀ ਵਾਰੀ ਆਈ ਤਾਂ ਉਹ ਬੜੇ ਆਰਾਮ ਨਾਲ ਪੱਟੀ ਕਰਵਾਉਂਦਾ ਰਿਹਾ।

ਇਹ ਦੇਖ ਕੇ ਡਾਕਟਰ ਸਿੰਗਲੇ ਨੂੰ ਕਹਿਣ ਲੱਗਾ, ''ਦੇਖ, ਤੇਰਾ ਦੋਸਤ ਕਿੰਨਾ ਬਹਾਦਰ ਹੈ, ਕਿੰਨੇ ਆਰਾਮ ਨਾਲ ਪੱਟੀ ਕਰਵਾ ਰਿਹਾ ਹੈ।"

ਇੰਨੇ ਨੂੰ ਅਸ਼ੋਕ ਬੋਲਿਆ, ''ਨਹੀਂ ਡਾ. ਸਾਹਿਬ, ਅਸਲ ਵਿੱਚ ਇਸ ਦੀਆਂ ਚੀਕਾਂ ਸੁਣ ਕੇ ਮੈਂ ਇੰਨਾ ਡਰ ਗਿਆ ਸੀ ਕਿ ਮੈਂ ਆਪਣੀ ਦੂਜੀ ਲੱਤ 'ਤੇ ਪੱਟੀ ਕਰਵਾ ਲਈ, ਜੋ ਬਿਲਕੁਲ ਠੀਕ ਹੈ।"

********

ਪ੍ਰੇਮੀ, ''ਕਿਸੇ ਨੇ ਸੱਚ ਕਿਹਾ ਹੈ ਕਿ ਚੋਰੀ ਕਰੋਗੇ ਤਾਂ ਜ਼ਿੰਦਗੀ ਭਰ ਪਛਤਾਓਗੇ।"

ਪ੍ਰੇਮਿਕਾ, ''ਸੱਚ ਹੀ ਤਾਂ ਹੈ, ਮੈਂ ਦੋ ਸਾਲ ਪਹਿਲਾਂ ਤੇਰਾ ਦਿਲ ਚੋਰੀ ਕੀਤਾ ਸੀ, ਹੁਣ ਪਛਤਾ ਰਹੀ ਹਾਂ।"

********

ਨਰਸ ਨੇ ਡਾਕਟਰ ਨੂੰ ਪੁੱਛਿਆ, ''ਤੁਸੀਂ ਮੈਨੂੰ ਇੰਨਾ ਪਿਆਰ ਕਰਦੇ ਹੋ ਤਾਂ ਫਿਰ ਵਿਆਹ ਤੋਂ ਇਨਕਾਰ ਕਿਉਂ ਕਰ ਰਹੇ ਹੋ?"

ਡਾਕਟਰ ਨੇ ਕਿਹਾ, ''ਚਾਹੁੰਦਾ ਤਾਂ ਮੈਂ ਵੀ ਇਹੋ ਹਾਂ, ਪਰ ਸੋਚਦਾ ਹਾਂ ਕਿ ਵਿਆਹ ਤੋਂ ਬਾਅਦ ਜਦੋਂ ਮੈਂ ਤੈਨੂੰ 'ਸਿਸਟਰ' ਕਹਿ ਕੇ ਸੱਦਾਂਗਾ ਤਾਂ ਲੋਕ ਕੀ ਕਹਿਣਗੇ?"

********

ਸੋਹਣ ( ਗਰਲਫਰੈਂਡ ਨੂੰ), ''ਮੈਂ ਤੈਨੂੰ ਬਹੁਤ ਪਿਆਰ ਕਰਦਾ ਹਾਂ।"

ਗਰਲਫਰੈਂਡ, ''...ਪਰ ਮੇਰੀ ਮਾਂ ਇਸ ਪਿਆ ਰ -ਮੁਹੱਬਤ ਨੂੰ ਨਹੀਂ ਸਮਝਦੀ।"

ਸੋਹਣ, ''ਮੈਂ ਤੇਰੀ ਮੰਮੀ ਨਾਲ ਥੋੜ੍ਹਾ ਪਿਆਰ ਕਰਦਾ ਹਾਂ।"

********

ਮਾਲਕਣ (ਨੌਕਰਾਣੀ ਨੂੰ), ''ਕੀ ਹੋਇਆ ਤੂੰ ਤਿੰਨ ਦਿਨਾਂ ਤੋਂ ਕੰਮ 'ਤੇ ਨਹੀਂ ਆਈ।"

ਨੌਕਰਾਣੀ, ''ਮੈਂ ਫੇਸਬੁੱਕ 'ਤੇ ਅਪਡੇਟ ਕੀਤਾ ਤਾਂ ਸੀ ਕਿ ਮੈਂ ਪਿੰਡ ਜਾ ਰਹੀ ਹਾਂ, ਤੁਹਾਡੇ ਪਤੀ ਨੇ ਕੁਮੈਂਟ ਵੀ ਕੀਤਾ ਸੀ, 'ਮਿਸ ਯੂ'।"

********

ਇੱਕ ਦਿਨ ਰਾਜਾ-ਰਾਣੀ ਨੇ ਮੋਬਾਈਲ ਦੀ ਬਜਾਏ ਸੰਦੇਸ਼ ਭੇਜਣ ਲਈ ਕਬੂਤਰ ਇਸਤੇਮਾਲ ਕਰਨ ਦਾ ਫੈਸਲਾ ਕੀਤਾ।

ਅਗਲੇ ਦਿਨ ਕਬੂਤਰ ਬਿਨਾਂ ਹੀ ਸੰਦੇਸ਼ ਰਾਜੇ ਦੇ ਕੋਲ ਪੁੱਜਾ, ਉਸ ਨੇ ਗੁੱਸੇ ਵਿੱਚ ਰਾਣੀ ਨੂੰ ਬੁਲਾਇਆ ਅਤੇ ਇਸ ਦੀ ਵਜ੍ਹਾ ਪੁੱਛੀ।

ਰਾਣੀ, ''ਤੁਸੀਂ ਤਾਂ ਕਝ ਸਮਝਦੇ ਹੀ ਨਹੀਂ, ਇਹ ਮਿਸ ਕਾਲ ਸੀ।"

********

ਬੰਧੂ ਦੀ ਘਰ ਵਾਲੀ ਦਾ ਰੰਗ ਬਹੁਤ ਕਾਲਾ ਸੀ।

ਇੱਕ ਦਿਨ ਉਸ ਨੇ ਸੰਤਰੀ ਰੰਗ ਦੀ ਸਾੜ੍ਹੀ ਪਾਈ ਤੇ ਪੁੱਛਿਆ, ''ਦੇਖੋ ਜੀ, ਕਿਸ ਤਰ੍ਹਾਂ ਲੱਗਦੀ ਹਾਂ ਮੈਂ?"

ਬੰਧੂ, ''ਇਸ ਤਰ੍ਹਾਂ ਜਿਵੇਂ ਸੁਰਮੇ ਦੀ ਫੈਕਟਰੀ 'ਚ ਅੱਗ ਲੱਗ ਗਈ ਹੋਵੇ।"

********

ਇੱਕ ਪਿਤਾ ਆਪਣੇ ਬੇਟੇ ਦੀਆਂ ਸ਼ਰਾਰਤਾਂ ਤੋਂ ਬਹੁਤ ਪ੍ਰੇਸ਼ਾਨ ਸੀ, ਜਿਹੜਾ ਹਮੇਸ਼ਾ ਕੰਪਿਊਟਰ 'ਤੇ ਗੇਮਾਂ ਖੇਡਦਾ ਰਹਿੰਦਾ ਸੀ।

ਇੱਕ ਦਿਨ ਪੜ੍ਹਾਈ ਤੇ ਹੋਮਵਰਕ ਕਰਨ ਲਈ ਉਸ ਨੂੰ ਪ੍ਰੇਰਿਤ ਕਰਦੇ ਹੋਏ ਉਸ ਦੇ ਪਿਤਾ ਨੇ ਕਿਹਾ, ''ਜਦ ਅਬਰਾਹਮ ਲਿੰਕਨ ਤੇਰੀ ਉਮਰ ਦਾ ਸੀ ਤਾਂ ਉਹ ਲੱਕੜੀਆਂ ਦੀ ਅੱਗ ਬਾਲ ਕੇ ਉਸ ਦੇ ਸਾਹਮਣੇ ਪੜ੍ਹਾਈ ਕਰਦਾ ਹੁੰਦਾ ਸੀ।"

ਬੱਚੇ ਨੇ ਜਵਾਬ ਦਿੱਤਾ, ''ਜਦ ਲਿੰਕਨ ਤੁਹਾਡੀ ਉਮਰ ਦੇ ਸਨ ਤਾਂ ਅਮਰੀਕਾ ਦੇ ਰਾਸ਼ਟਰਪਤੀ ਸਨ।"

********

ਇੱਕ ਕੰਜੂਸ ਨੇ ਮਠਿਆਈ ਦੀ ਦੁਕਾਨ ਖੋਲ੍ਹੀ ਅਤੇ ਨੌਕਰ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ... ''ਇੱਕ ਨੌਕਰ ਦੀ ਜ਼ਰੂਰਤ ਹੈ, ਪਰ ਸਿਰਫ ਸ਼ੂਗਰ ਦੇ ਮਰੀਜ਼ ਹੀ ਆਉਣ।"

********

ਨਿਸ਼ਾ (ਪਾਪਾ ਨੂੰ), ''ਪਾਪਾ, ਤੁਸੀਂ ਜਾਣਦੇ ਹੋ ਕਿ ਮੈਂ ਆਪਣਾ ਜਨਮ ਦਿਨ ਕਿਉਂ ਮਨਾਉਂਦੀ ਹਾਂ?" ਪਾਪਾ, ''ਦੱਸ।"

ਨਿਸ਼ਾ, ''ਇਸ ਲਈ ਕਿ ਇਸ ਦਿਨ ਸਭ ਨੂੰ ਕੇਕ ਖਾਣ ਲਈ ਮਿਲਦਾ ਹੈ।"

********

ਪੁਲਸ, ''ਤੇਰਾ ਦੋਸਤ ਕਿਵੇਂ ਮਰਿਆ?"

ਸੁਰਜੀਤ, ''ਪਤਾ ਨਹੀਂ, ਉਹ ਕਹਿਣ ਲੱਗਿਆ ਕਿ ਮੇਰੇ ਪੇਟ ਵਿੱਚ ਚੂਹੇ ਕੁੱਦ ਰਹੇ ਹਨ ਤਾਂ ਮੈਂ ਉਸ ਨੂੰ ਚੂਹੇ ਮਾਰਨ ਵਾਲੀ ਦਵਾਈ ਪਿਲਾ ਦਿੱਤੀ।"

********

ਪਤੀ, ''ਜਦੋਂ ਮੈਂ ਚੰਗੇ ਕੱਪੜੇ ਪਾ ਕੇ ਬਾਜ਼ਾਰ ਜਾਂਦਾ ਹਾਂ ਤਾਂ ਸਬਜ਼ੀ ਵਾਲੇ ਸਬਜ਼ੀ ਮਹਿੰਗੀ ਦਿੰਦੇ ਹਨ ਤੇ ਜਦੋਂ ਮੈਲੇ ਕੱਪੜੇ ਪਾ ਕੇ ਜਾਂਦਾ ਹਾਂ ਤਾਂ ਸਬਜ਼ੀ ਸਸਤੀ ਮਿਲਦੀ ਹੈ?"

ਪਤਨੀ, ''ਤੁਸੀਂ ਕੌਲਾ ਲੈ ਕੇ ਜਾਇਆ ਕਰੋ, ਸਬਜ਼ੀ ਮੁਫਤ ਮਿਲ ਜਾਵੇਗੀ।"

********

ਘਰ ਖਾਲੀ ਕਰਦਿਆਂ ਇਕ ਗੁਆਂਢਣ ਦੂਜੀ ਨੂੰ ਕਹਿਣ ਲੱਗੀ, "ਚੱਲ ਭੈਣੇ, ਹੁਣ ਮੈਂ ਜਾ ਰਹੀ ਹਾਂ। ਉਥੇ ਮੈਨੂੰ ਚੰਗੀ ਗੁਆਂਢਣ ਮਿਲੀ ਹੈ।"

ਦੂਜੀ ਨੇ ਤੁਰੰਤ ਜਵਾਬ ਦਿੱਤਾ, "ਅਫਸੋਸ, ਉਸ ਵਿਚਾਰੀ ਨੂੰ ਚੰਗੀ ਗੁਆਂਢਣ ਨਹੀਂ ਮਿਲੀ।"

*********

ਕੈਦੀ, "ਤੂੰ ਜੇਲ ਵਿੱਚ ਕਿਵੇਂ ਆਇਆਂ?"

ਦੂਜਾ, "ਛੋਟੀ ਜਿਹੀ ਰੱਸੀ ਚੋਰੀ ਕਰਨ ਦੇ ਜੁਰਮ 'ਚ।"ਪਹਿਲਾਂ, "...ਪਰ ਅਜਿਹਾ ਨਹੀਂ ਹੋ ਸਕਦਾ।"

ਦੂਜਾ, "ਓ ਭਰਾ! ਅਜਿਹਾ ਹੀ ਸੀ, ਪਰ ਰੱਸੀ ਦੇ ਸਿਰੇ 'ਤੇ ਮੱਝ ਵੀ ਬੰਨ੍ਹੀ ਹੋਈ ਸੀ।"

*********

ਪਤਨੀ, "ਇੰਨੇ ਲੇਟ ਕਿਵੇਂ ਹੋ ਗਏ?"

ਪਤੀ, "ਇਕ ਆਦਮੀ ਦਾ ਇਕ ਹਜ਼ਾਰ ਰੁਪਏ ਦਾ ਨੋਟ ਗੁਆਚ ਗਿਆ ਸੀ।"

ਪਤਨੀ, "ਅੱਛਾ ਤੇ ਤੁਸੀਂ ਉਸ ਨੂੰ ਲੱਭਣ ਵਿੱਚ ਮੱਦਦ ਕਰ ਰਹੇ ਸੀ?"ਪਤੀ, "ਨਹੀਂ, ਮੈਂ ਉਸ ਨੋਟ 'ਤੇ ਪੈਰ ਰੱਖ ਕੇ ਖੜਾ ਸੀ।"

*********

ਪਤੀ, "ਮੀਨੂੰ ਡਾਰਲਿੰਗ, ਜਦ ਤੂੰ ਮੂੰਹ ਖੋਲ੍ਹ ਕੇ ਹੱਸਦੀ ਹੈ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਤੇਰੇ ਮੂੰਹ ਵਿੱਚ ਗੁਲਾਬ ਦਾ ਫੁੱਲ ਰੱਖਿਆ ਹੋਵੇ।"

ਪਤਨੀ, "ਹਾਏ, ਹੋਰ ਵੀ ਕਹੋ।"

ਪਤੀ, "....ਅਤੇ ਉਸ 'ਤੇ ਸੈਂਕੜੇ ਮੱਖੀਆਂ ਭਿਣਭਿਣਾ ਰਹੀਆਂ ਹੋਣ।"

*********

ਪਿਤਾ (ਪੁੱਤਰ ਨੂੰ), ''ਬੇਟਾ, ਜੇ ਸਹੁਰੇ ਘਰ ਵਾਲੇ ਬਾਈਕ ਦੇਣ ਤਾਂ ਕਾਰ ਮੰਗੀਂ, ਪਲਾਟ ਦੇਣ ਦਾ ਫਲੈਟ ਮੰਗੀ...।"


ਬੇਟਾ, ''ਪਾਪਾ, ਜੇ ਉਹ ਕੁੜੀ ਦੇਣਗੇ ਤਾਂ ਮੈਂ ਕੁੜੀ ਦੀ ਮਾਂ ਮੰਗ ਲਵਾਂਗਾ।"

********

ਜੋਤਸ਼ੀ ਮੁੰਡੇ ਦਾ ਹੱਥ ਦੇਖ ਕੇ ਬੋਲਿਆ, ''ਬੇਟਾ, ਤੂੰ ਬਹੁਤ ਪੜ੍ਹੇਂਗਾ।"

ਮੁੰਡਾ, ''ਮਹਾਰਾਜ! ਪੜ੍ਹ ਤਾਂ ਕਈ ਸਾਲਾਂ ਤੋਂ ਰਿਹਾ ਹਾਂ, ਤੁਸੀਂ ਇਹ ਦੱਸੋ ਕਿ ਮੈਂ ਪਾਸ ਕਦੋਂ ਹੋਵਾਂਗਾ।"

*********

SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"
*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ
Civil Litigation
*Contract Disputes
*Construction Disputes
*Debt Collection
*Business Disputes
*Builders Lien
Divorce Cases
Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution
Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits

AMANDEEP SINGH
JUSTIN S. THIND
604.543.3886
SINGH THIND & ASSOCIATES
BARRISTERS & SOLICITORS

# "ਖਾਲਸਾ ਰਾਜ" ਦੀ ਲੋੜ ਅੱਜ ਸਿਰਫ ਸਿੱਖਾਂ ਨੂੰ ਹੀ ਨਹੀਂ, ਬਲਿਕ ਪੂਰੀ ਇਨਸਾਨੀਅਤ ਨੂੰ ਹੈ!

ਆਧੁਨਿਕ ਹਥਿਆਰਾਂ ਦੇ ਦੌਰ 'ਚ ਤਾਕਤਵਰ ਦੇਸ਼ ਆਪਣੀ ਧੌਂਸ ਜਮਾਉਣ ਲਈ ਦੂਜੇ ਦੇਸ਼ਾਂ ਤੇ ਹਮਲੇ ਕਰ ਰਹੇ ਹਨ । ਭਾਵੇਂ ਅਮਰੀਕਾ ਦਾ ਇਰਾਕ ਜਾਂ ਅਫਗਾਨਿਸਤਾਨ ਤੇ ਹਮਲਾ ਹੋਵੇ, ਰੂਸ ਦਾ ਯੂਕਰੇਨ ਤੇ ਹਮਲਾ ਜਾਂ ਚੀਨ ਦਾ ਤਾਈਵਾਨ ਤੇ ਹਮਲਾ ਹੋਵੇ, ਹਰ ਹਮਲੇ ਪਿੱਛੇ ਕੌਮਾਂਤਰੀ ਪੱਧਰ ਤੇ ਆਪਣੀ ਪਕੜ ਮਜ਼ਬੂਤ ਕਰਨਾ ਹੀ ਹੈ, ਕੋਈ ਵੀ ਦੇਸ਼ ਆਪਸੀ ਭਾਈਚਾਰਕ ਸਾਂਝ, ਅਮਨ-ਸ਼ਾਂਤੀ ਦੀ ਗੱਲ ਨਹੀਂ ਕਰ ਰਿਹਾ, ਕਿਸੇ ਨੂੰ ਪਾਵਰ ਦਾ ਨਸ਼ਾ ਹੈ ਤੇ ਕਿਸੇ ਨੂੰ ਪੈਸੇ ਅਤੇ ਸਾਧਨਾਂ ਦਾ । ਅਜਿਹੇ ਹਾਲਾਤਾਂ ਵਿੱਚ ਜਦੋਂ ਹਰ ਵਿਅਕਤੀ, ਸੰਸਥਾਵਾਂ, ਧਰਮ, ਦੇਸ਼ ਖੁਦਗਰਜ਼ ਹੋ ਗਏ ਹੋਣ ਤਾਂ ਲੋੜ ਹੈ ਇੱਕ ਆਦਰਸ਼ ਰਾਜ ਕਾਇਮ ਕਰਨ ਦੀ ਜਿਸ ਵਿੱਚ ਇਨਸਾਨੀਅਤ ਨੂੰ ਮੁੱਖ ਰੱਖਕੇ ਇੱਕ ਸੱਭਿਅਕ ਸਮਾਜ ਦੀ ਸਥਾਪਨਾ ਕੀਤੀ ਜਾਵੇ ਅਤੇ ਵਿਸ਼ਵ ਨੂੰ ਮਾਨਵੀ ਕਦਰਾਂ-ਕੀਮਤਾਂ ਦੀ ਸੇਧ ਦੇਣ ਲਈ ਰੋਲ ਮਾਡਲ ਹੋਵੇ।

ਅੱਜ ਜਦੋਂ ਭਾਰਤ ਹਿੰਦੂ ਰਾਸ਼ਟਰ ਬਨਣ ਵੱਲ ਵਧ ਰਿਹਾ ਹੈ ਤਾਂ ਦੂਜੇ ਪਾਸੇ ਵੱਖਰੇ ਖਾਲਸਾ ਰਾਜ ਦੀ ਮੰਗ ਬੁਲੰਦ ਹੋਣ ਲੱਗੀ ਹੈ । ਇੱਕ ਵੱਖਰੇ ਹੋਮਲੈਂਡ ਲਈ ਭਾਰਤ ਨੂੰ ਯੂਰਪ, ਉੱਤਰੀ ਅਮਰੀਕਾ ਅਤੇ ਆਸਟ੍ਰੇਲੀਆ ਦੇ ਸਮਰਥਨ ਨਾਲ ਸਿੱਖ ਲਹਿਰ ਦਾ ਸਾਹਮਣਾ ਕਰਨਾ ਪਵੇਗਾ। ਦੁਨੀਆ ਭਰ ਦੇ ਵਿਚਾਰਕ ਇਸ ਗੱਲ ਤੇ ਸਹਿਮਤ ਹਨ ਕਿ ਮੰਗ ਦੀ ਸਾਰਥਕਤਾ ਅਤੇ ਵਿਵਹਾਰਕਤਾ ਦੇ ਬਾਵਜੂਦ, ਜੇਕਰ ਕੋਈ ਧਾਰਮਿਕ ਭਾਈਚਾਰਾ ਵੱਖਰੇ ਰਾਜ ਦਾ ਹੱਕਦਾਰ ਹੈ, ਤਾਂ ਉਹ ਸਿੱਖ ਕੌਮ ਹੈ ।ਸੰਜੀਦਗੀ ਨਾਲ ਸੋਚਿਆ ਜਾਵੇ ਤਾਂ ਖਾਲਸਾ ਰਾਜ ਦੀ ਲੋੜ ਅੱਜ ਸਿਰਫ ਸਿੱਖਾਂ ਨੂੰ ਨਹੀਂ ਬਲਿਕ ਪੂਰੀ ਇਨਸਾਨੀਅਤ ਨੂੰ ਹੈ । 26 ਮਿਲੀਅਨ ਭਾਈਚਾਰੇ ਨੇ ਮਾਨਵਤਾਵਾਦੀ ਮੁੱਦਿਆਂ ਲਈ ਆਪਣੀ ਚਿੰਤਾ ਵਿੱਚ ਹੋਰ ਸਾਰੇ ਧਾਰਮਿਕ ਸਮੂਹਾਂ ਨੂੰ ਪਛਾੜ ਦਿੱਤਾ ਹੈ। ਪਿਛਲੇ ਕੁਝ ਦਹਾਕਿਆਂ ਦੌਰਾਨ ਇੱਕ ਵੀ ਅਜਿਹਾ ਮਨੁੱਖਤਾਵਾਦੀ ਸੰਕਟ ਨਹੀਂ ਆਇਆ ਜਿਸ ਦਾ ਸਿੱਖ ਕੌਮ ਨੇ ਆਪਣੇ ਸਾਧਨਾਂ ਨਾਲ ਜਵਾਬ ਨਾ ਦਿੱਤਾ ਹੋਵੇ।ਸਿੱਖਾਂ ਦੀ ਵੱਖਰੇ ਰਾਜ ਦੀ ਮੰਗ ਕੌਮਾਂਤਰੀ ਸੰਸਥਾਵਾਂ ਯੂਐਨਓ, ਹਿਊਮਨ ਰਾਈਟਸ ਕਮਿਸ਼ਨ ਕੋਲ ਪਹੁੰਚ ਚੁੱਕੀ ਹੈ ਅਤੇ ਸਿੱਖਾਂ ਵੱਲੋਂ ਕੀਤੀ ਜਾ ਰਹੀ ਮਾਨਵਤਾ ਦੀ ਸੇਵਾ ਸਾਹਮਣੇ ਸੰਸਥਾਵਾਂ ਵੀ ਲਾਜਵਾਬ ਕਰ ਦਿੱਤਾ ਹੈ।

ਅੱਜ ਕਹਿਣ ਨੂੰ ਭਾਵੇਂ ਪੂਰਾ ਵਿਸ਼ਵ ਇੱਕ ਪਿੰਡ ਬਣ ਗਿਆ ਹੈ । ਹਵਾਈ, ਸਮੁੰਦਰੀ ਮਾਰਗਾਂ ਨਾਲ ਤਾਂ ਪਹਿਲਾਂ ਹੀ ਦੁਨੀਆ ਭਰ ਦੇ ਦੇਸ਼ ਜੁੜੇ ਹੋਏ ਸਨ, ਸੜਕੀ ਮਾਰਗਾਂ ਨਾਲ ਵੀ ਵਿਸ਼ਵ ਨੂੰ ਜੋੜਣ ਦੇ ਉਪਰਾਲੇ ਕੀਤੇ ਜਾ ਰਹੇ ਹਨ । ਅੱਜ ਦੁਨੀਆ ਦੀ ਅਬਾਦੀ 7.97 ਬਿਲੀਅਨ ਯਾਨੀ 8 ਸੋ ਕਰੋੜ ਦੇ ਕਰੀਬ ਪਹੁੰਚ ਚੁੱਕੀ ਹੈ ਜਿਸ ਵਿੱਚ ਹਜ਼ਾਰਾਂ ਭਾਸ਼ਾਵਾਂ, ਧਰਮ, ਜਾਤ, ਰੰਗ, ਨਸਲ, ਸੱਭਿਆਚਾਰਾਂ ਦੇ ਲੋਕ ਵੱਸਦੇ ਹਨ । ਹਰੇਕ ਵਰਗ ਦਾ ਇੱਕ ਆਪਣਾ ਖਿੱਤਾ, ਦੇਸ਼ ਅਤੇ ਇਲਾਕਾ ਹੈ ਜਿੱਥੇ ਉਹ ਆਪਣੀ ਸੰਸਕ੍ਰਿਤੀ, ਸੱਭਿਆਚਾਰ, ਧਰਮ, ਵਿਰਸੇ ਦਾ ਆਨੰਦ ਮਾਣਦੇ ਹਨ ।

ਅੱਜ ਦੁਨੀਆ ਨੂੰ 'ਖਾਲਸਾ ਰਾਜ' ਦਾ ਸਮਰਥਨ ਕਰਨ ਦੀ ਲੋੜ ਕਿਉਂ ਹੈ? ਇਸ ਦੇ ਅਨੇਕਾਂ ਕਾਰਣ ਹਨ । ਦੁਨੀਆ ਭਰ 'ਚ ਭਟਕ ਰਹੇ ਯਹੂਦੀਆਂ ਨੂੰ ਹੋਮਲੈਂਡ ਦੇਣ ਲਈ ਕੌਮਾਂਤਰੀ ਭਾਈਚਾਰੇ ਨੇ ਮਿਲ ਕੇ ਕੋਸ਼ਿਸ਼ਾਂ ਕੀਤੀਆਂ ਅਤੇ 1948 ਵਿੱਚ ਯਹੂਦੀ ਰਾਜ ਇਸਰਾਈਲ ਸੰਭਵ ਹੋ ਸਕਿਆ । ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਦ ਬੰਗਾਲੀ ਲੋਕ ਪਾਕਿਸਤਾਨ ਨਾਲ ਨਹੀਂ ਰਹਿਣਾ ਚਾਹੁੰਦੇ ਸਨ ਭਾਰਤ ਨੇ ਆਪਣਾ ਪ੍ਰਭਾਵ ਵਰਤਕੇ ਬੰਗਾਲੀ ਲੋਕਾਂ ਨੂੰ ਹੋਮਲੈਂਡ ਦੇਣ ਲਈ ਬੰਗਲਾਦੇਸ਼ ਨੂੰ ਵਜੂਦ 'ਚ ਲਿਆਂਦਾ । ਜਦੋਂ ਵਿਸ਼ਵਗੁਰੂ ਭਾਰਤ ਸਾਰੀ ਦੁਨੀਆ ਦੇ ਲੋਕਾਂ ਲਈ ਦਰਿਆ ਦਿਲੀ ਰੱਖਦਾ ਹੈ ਤਾਂ ਆਪਣੇ ਹੀ ਦੇਸ਼ ਦੇ ਬਹਾਦੁਰ ਯੋਧਿਆਂ ਲਈ ਸਖਤ ਰਵੱਈਆਂ ਕਿਉਂ ਰੱਖ ਰਿਹਾ ਹੈ । ਆਦਰਸ਼ ਸਿੱਖ ਰਾਸ਼ਟਰੀ ਰਾਜ ਸੰਸਾਰ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ, ਰੰਗ, ਨਸਲ, ਜਾਤ, ਧਰਮ ਤੋਂ ਉੱਪਰ ਉੱਠ ਕੇ ਇਨਸਾਨੀਅਤ ਨੂੰ ਤਰਜੀਹ ਦਿੱਤੀ ਜਾ ਸਕੇਗੀ।

ਹਰ ਧਰਮ ਦਾ ਮੂਲ ਉਦੇਸ਼ ਮਾਨਵਤਾ ਦੀ ਸੇਵਾ ਹੁੰਦਾ ਹੈ ਪਰੰਤੂ ਕੋਈ ਵਿਰਲਾ ਹੀ ਅੱਜ ਧਰਮ ਦੇ ਮਾਪਦੰਡਾਂ ਤੇ ਪੂਰਾ ਉੱਤਰ ਰਿਹਾ ਹੈ ।ਈਸਾਈ ਆਮ ਤੌਰ 'ਤੇ ਉਨ੍ਹਾਂ ਦੇ ਸਮਾਜਿਕ ਕੰਮ ਦੇ ਲਾਭਪਾਤਰੀਆਂ ਤੋਂ ਉਨ੍ਹਾਂ ਦੇ ਵਿਸ਼ਵਾਸ ਨੂੰ ਬਦਲਣ ਦੀ ਉਮੀਦ ਕਰਦੇ ਹਨ ਜਦੋਂ ਕਿ ਯਹੂਦੀ ਮੁੱਖ ਤੌਰ 'ਤੇ ਯਹੂਦੀ ਜੀਵਨ ਬਾਰੇ ਚਿੰਤਤ ਹੁੰਦੇ ਹਨ। ਹਿੰਦੂ ਸਿਰਫ ਆਪਣੀ ਉੱਚ ਜਾਤੀ ਦੇ ਕਲਿਆਣ ਵਿੱਚ ਹੀ ਦਿਲਚਸਪੀ ਰੱਖਦੇ ਹਨ । ਮੁਸਲਿਮ ਸਮਾਜ ਦੀਆਂ ਧਾਰਮਿਕ ਸਿੱਖਿਆਵਾਂ ਭਾਵੇਂ ਮਾਨਵਤਾ ਦੀ ਸੇਵਾ ਲਈ ਪ੍ਰੇਰਿਤ ਕਰਦੀਆਂ ਹਨ ਪਰੰਤੂ ਅੱਜ ਦੇ ਦੌਰ 'ਚ ਹਰ ਵਿਅਕਤੀ ਧਰਮ ਨੂੰ ਵੀ ਆਪਣੀ ਸਹੂਲਤ ਮੁਤਾਬਿਕ ਮੰਨਦਾ ਹੈ । ਇਸਲਾਮ ਧਰਮ ਵਿੱਚ ਹਰ ਮੁਸਲਮਾਨ ਨੂੰ ਆਪਣੇ ਆਮਦਨ ਦਾ ਢਾਈ ਪ੍ਰਤੀਸ਼ਤ ਹਿੱਸਾ ਕੱਢ ਕੇ ਗਰੀਬ ਅਤੇ ਜਰੂਰਤਮੰਦਾਂ ਦੀ ਮਦਦ ਲਈ ਖਰਚ ਕਰਨਾ ਹੁੰਦਾ ਹੈ ਪਰੰਤੂ ਸਿੱਖ ਧਰਮ ਵਿੱਚ ਦਸਵੰਦ ਕੱਢਿਆ ਜਾਂਦਾ ਹੈ ਜੋ ਕਿ ਆਪਣੀ ਕਮਾਈ ਦਾ 10% ਹਿੱਸਾ ਹੈ । ਸਿੱਖਾਂ ਦੇ ਕਈ ਦਾਨੀ ਪੁਰਖ ਆਪਣੀ ਕਮਾਈ ਦਾ 70-80 ਪ੍ਰਤੀਸ਼ਤ ਤੱਕ ਹਿੱਸਾ ਵੀ ਮਾਨਵਤਾ ਦੀ ਸੇਵਾ ਲਈ ਖਰਚ ਕਰ ਰਹੇ ਹਨ ।

ਪਿਛਲੇ ਕੁਝ ਦਹਾਕਿਆਂ ਦੌਰਾਨ ਸਿਰਫ਼ ਸਿੱਖ ਕੌਮ ਨੇ ਹੀ ਦਿਖਾਇਆ ਹੈ ਕਿ ਉਹ ਆਪਣੇ ਹਿੱਤਾਂ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਦੀ ਸੇਵਾ ਕਰ ਸਕਦੀ ਹੈ। ਹਾਲ ਹੀ ਵਿੱਚ ਸਿੱਖ ਕੌਮ ਨੇ ਸਾਬਤ ਕਰ ਦਿੱਤਾ ਹੈ ਕਿ ਉਨ੍ਹਾਂ ਦੀ ਮਨੁੱਖਤਾ ਦੀ ਸੇਵਾ ਨਿਰਸਵਾਰਥ ਅਤੇ ਬਿਨਾਂ ਕਿਸੇ ਉਮੀਦ ਦੇ ਹੈ। ਅਜਨਬੀਆਂ ਲਈ ਗੁਰੁਦੁਆਰਾ ਸਾਹਿਬਾਨਾਂ ਵਿੱਚ ਲਗਾਤਾਰ 24 ਘੰਟੇ ਭੋਜਨ ਸੇਵਾ ਇਸਦੀ ਮਿਸਾਲ ਹੈ, ਸ੍ਰੀ ਹਰਮਿੰਦਰ ਸਾਹਿਬ ਵਿਖੇ ਵਿਸ਼ਵ ਦਾ ਸਭ ਤੋਂ ਵੱਡਾ ਲੰਗਰ ਸਦੀਆਂ ਤੋਂ ਚੱਲ ਰਿਹਾ ਹੈ। ਪਿਛਲੇ ਦਿਨੀਂ ਵਿਸ਼ਵ ਦੇ ਸਭ ਤੋਂ ਵੱਡੇ ਕਿਸਾਨ ਅੰਦੋਲਨ ਦੌਰਾਨ ਖਾਲਸੇ ਦੀ ਲੰਗਰ ਸੇਵਾ ਬੇਮਿਸਾਲ ਰਹੀ ਹੈ ।ਇਹ ਵੱਡੇ ਬਜਟ ਵਾਲੇ ਜ਼ਿਆਦਾਤਰ ਗੈਰ-ਸਰਕਾਰੀ ਸੰਗਠਨਾਂ ਨਾਲੋਂ ਦੁਨੀਆ ਦੇ ਵਧੇਰੇ ਲੋਕਾਂ ਨੂੰ ਭੋਜਨ ਦਿੰਦਾ ਹੈ । ਧਰਮਾਂ ਦੀ ਵਿਸ਼ਵ ਸੰਸਦ ਦੇ ਭਾਗੀਦਾਰਾਂ ਲਈ ਇਸ ਦੀਆਂ ਮੁਫਤ ਭੋਜਨ ਸੇਵਾਵਾਂ ਸੰਸਾਰ ਪ੍ਰਤੀ ਇਸਦੀ ਸਮਰਪਣ ਦਾ ਪ੍ਰਮਾਣ ਹੈ।

ਕਲਪਨਾ ਕਰੋ ਕਿ ਜੇ ਸਿੱਖ ਭਾਈਚਾਰੇ ਦਾ ਆਪਣਾ ਦੇਸ਼ ਹੋਵੇ ਤਾਂ ਇਹ ਭਾਈਚਾਰਾ ਦੁਨੀਆ ਲਈ ਅਮਨ-ਸ਼ਾਂਤੀ, ਸੇਵਾਭਾਵਨਾ ਦਾ ਚੰਗਾ ਸੰਦੇਸ਼ ਲੈ ਕੇ ਆਵੇਗਾ । ਸਿੱਖ ਭਾਈਚਾਰਾ ਆਪਣੇ ਵਸੀਲਿਆਂ ਨੂੰ ਜੀਵਨ ਦੀ ਬਿਹਤਰੀ ਲਈ ਵਰਤਣਾ ਜਾਣਦਾ ਹੈ ਅਤੇ ਆਪਣੇ ਦੇਸ਼ ਰਾਹੀਂ ਮਨੁੱਖਤਾ ਦੀ ਏਕਤਾ ਦੇ ਆਦਰਸ਼ਾਂ ਨੂੰ ਮਜ਼ਬੂਤ ਕਰਨ ਲਈ ਨਵੀਂ ਪਹੁੰਚ ਪੇਸ਼ ਕਰ ਸਕਦਾ ਹੈ । ਜਦੋਂ ਕਿ ਹੋਰ ਧਾਰਮਿਕ ਭਾਈਚਾਰਿਆਂ ਦੇ ਲੋਕ ਆਪਣੇ ਆਦਰਸ਼ਾਂ ਨੂੰ ਜੀਉਣ ਵਿੱਚ ਅਸਫਲ ਰਹੇ ਹਨ, ਸਿੱਖ ਭਾਈਚਾਰੇ ਨੇ ਆਪਣੀਆਂ ਮੂਲ ਕਦਰਾਂ-ਕੀਮਤਾਂ ਪ੍ਰਤੀ ਕਾਰਜਾਂ ਵਿੱਚ ਆਪਣੀ ਵਚਨਬੱਧਤਾ ਦਿਖਾਈ ਹੈ। ਇਨ੍ਹਾਂ ਵਿੱਚ ਸਾਰਿਆਂ ਲਈ ਪਿਆਰ, ਨਿਰਸਵਾਰਥ ਸੇਵਾ, ਨਿਮਰਤਾ, ਦਇਆ, ਸਮਾਨਤਾ ਅਤੇ ਨਿਆਂ ਸ਼ਾਮਲ ਹਨ।ਪਿਛਲੇ 100 ਸਾਲਾਂ ਦੌਰਾਨ, ਵੱਡੇ-ਵੱਡੇ ਦਾਅਵਿਆਂ ਦੇ ਬਾਵਜੂਦ, ਕਿਸੇ ਵੀ ਧਾਰਮਿਕ ਭਾਈਚਾਰੇ ਨੇ ਮਨੁੱਖੀ ਸਨਮਾਨ ਦੀ ਰੱਖਿਆ ਲਈ ਕੰਮ ਨਹੀਂ ਕੀਤਾ ।

ਖਾਲਸਾ ਦਾ ਅਰਥ ਹੈ 'ਸ਼ੁੱਧ ਹੋਣਾ' ਜਾਂ 'ਸਪੱਸ਼ਟ ਹੋਣਾ' ਜਾਂ 'ਮੁਕਤ ਹੋਣਾ' ਜਾਂ 'ਮੁਕਤ ਹੋਣਾ'।ਦੁਨੀਆ ਦੇ 27 ਮਿਲੀਅਨ ਤੋਂ ਵੱਧ ਸਿੱਖਾਂ ਵਿੱਚੋਂ 91% ਭਾਰਤ ਵਿੱਚ ਰਹਿੰਦੇ ਹਨ ਜਿਸ ਵਿੱਚੋਂ 77% ਪੰਜਾਬ ਵਿੱਚ ਰਹਿੰਦੇ ਹਨ, ਇਸ ਤੋਂ ਬਾਅਦ

ਚੰਡੀਗੜ੍ਹ ਵਿੱਚ 13%, ਹਰਿਆਣਾ ਵਿੱਚ 6%, ਰਾਜਸਥਾਨ ਵਿੱਚ 5%, ਦਿੱਲੀ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਵਿੱਚ 3%, ਅਤੇ ਜੰਮੂ ਅਤੇ ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਵਿੱਚ ਸਿੱਖਾਂ ਦੀ ਆਬਾਦੀ 2% ਹੈ। ਸਿੱਖ ਭਾਰਤ ਦੀ ਆਬਾਦੀ ਦਾ ਕਰੀਬ 2% ਹਨ, ਪਰ ਉਹਨਾਂ ਦੀ ਸਾਖਰਤਾ ਦਰ 77% ਤੋਂ ਵੱਧ ਹੈ, ਅਤੇ ਭਾਰਤੀ ਫੌਜ ਵਿੱਚ ਉਹਨਾਂ ਦੀ ਨੁਮਾਇੰਦਗੀ ਅਬਾਦੀ ਦੇ ਅਨੁਪਾਤ ਤੋਂ ਕਿਤੇ ਜ਼ਿਆਦਾ ਹੈ।ਸਿੱਖਾਂ ਦੀ ਇੱਕ ਵੱਡੀ ਗਿਣਤੀ ਆਪਣੇ ਭਾਈਚਾਰੇ ਲਈ ਇੱਕ ਹੋਮਲੈਂਡ, ਖਾਲਿਸਤਾਨ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪ੍ਰਸਤਾਵਿਤ ਪ੍ਰਭੂਸੱਤਾ ਰਾਜ ਵਿੱਚ ਪੰਜਾਬ ਅਤੇ ਹਰਿਆਣਾ, ਹਿਮਾਚਲ ਪ੍ਰਦੇਸ਼, ਅਤੇ ਰਾਜਸਥਾਨ ਦੇ ਸ੍ਰੀ ਗੰਗਾਨਗਰ, ਹਨੂੰਮਾਨਗੜ੍ਹ ਅਤੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹੇ ਸ਼ਾਮਲ ਹੋਣਗੇ।

ਈਸਾਈ ਧਰਮ ਆਪਣੇ ਆਪ ਨੂੰ ਨਸਲਵਾਦ ਅਤੇ ਗੋਰਿਆਂ ਦੀ ਸਰਵਉੱਚਤਾ ਤੋਂ ਦੂਰ ਕਰਨ ਵਿੱਚ ਅਸਫਲ ਰਿਹਾ, ਅਤੇ ਯਹੂਦੀ ਧਰਮ ਨੇ ਫਲਸਤੀਨੀਆਂ ਦੀ ਮਨੁੱਖਤਾ ਨੂੰ ਉਹਨਾਂ ਦੇ ਧਰਮਾਂ ਦੀ ਪਰਵਾਹ ਕੀਤੇ ਬਿਨਾਂ ਦੇਖਣ ਤੋਂ ਇਨਕਾਰ ਕਰ ਦਿੱਤਾ। ਭਾਰਤ ਵਿੱਚ ਵੀ.ਐਚ.ਪੀ., ਆਰ.ਐੱਸ.ਐੱਸ. ਅਤੇ ਭਾਜਪਾ ਨੇ ਆਪਣੀਆਂ ਸੰਸਥਾਵਾਂ ਰਾਹੀਂ ਹਿੰਦੂਆਂ ਨੇ ਨਫ਼ਰਤ ਅਤੇ ਹਿੰਸਾ 'ਤੇ ਬਣੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਇਆ।ਅੱਜ ਸਮੁੱਚਾ ਵਿਸ਼ਵ ਸਿੱਖ ਭਾਈਚਾਰੇ ਦੇ ਉਭਾਰ ਦੀ ਉਡੀਕ ਕਰ ਰਿਹਾ ਹੈ ਜੋ ਸਾਰੀ ਮਾਨਵਤਾ ਨੂੰ ਇੱਕ ਸਮਝਦਾ ਹੈ ਅਤੇ ਆਪਣੀ ਕਾਰਵਾਈ ਦੁਆਰਾ ਸਾਬਤ ਕਰਦਾ ਹੈ ਕਿ ਸੇਵਾ ਪ੍ਰਤੀ ਉਸਦੀ ਵਚਨਬੱਧਤਾ ਨਿਰਸਵਾਰਥ ਹੈ । ਪਿਛਲੇ ਕੁਝ ਦਹਾਕਿਆਂ ਦੌਰਾਨ ਸੰਸਾਰ ਨੂੰ ਮੁੜ ਆ ਰਹੇ ਸੰਕਟ ਦੌਰਾਨ, ਸਿੱਖ ਕੌਮ ਨੇ ਅਗਵਾਈ ਕਰਨ ਅਤੇ ਆਪਣਾ ਪੈਸਾ ਜਿੱਥੇ ਲੋੜ ਹੈ, ਉੱਥੇ ਲਗਾਉਣ ਦੀ ਸਮਰੱਥਾ ਦਾ ਪ੍ਰਦਰਸ਼ਨ ਕੀਤਾ ਹੈ ।ਵਰਤਮਾਨ ਵਿੱਚ, ਸਿੱਖ ਕੌਮ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਸਮਾਜਿਕ ਨੈਤਿਕਤਾ ਦੇ ਸਬੰਧ ਵਿੱਚ ਬਾਕੀ ਸਾਰੇ ਧਾਰਮਿਕ ਸਮੂਹਾਂ ਵਿੱਚ ਚੰਗੇ ਦਾ ਪ੍ਰਤੀਕ ਹੈ।

ਦੁਨੀਆ ਨੂੰ "ਖਾਲਸਾ ਰਾਜ" ਦੀ ਲੋੜ ਕਿਉਂ?

1. ਮਹਾਰਾਜਾ ਰਣਜੀਤ ਸਿੰਘ ਦਾ ਇਤਿਹਾਸਕ ਉੱਤਰ ਪੱਛਮੀ ਭਾਰਤੀ ਉੱਪ ਮਹਾਂਦੀਪ 'ਤੇ ਬੇਮਿਸਾਲ ਖਾਲਸਾ ਰਾਜ ਹੈ ਜਿਸ ਨੇ ਦੁਨੀਆ ਨੂੰ ਰਾਜ ਕਰਨਾ ਸਿਖਾਇਆ ।

2. ਭਾਰਤ ਨੂੰ ਅਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ।

3. ਸਿੱਖ ਕੌਮ ਅੱਜ ਦੁਨੀਆ ਦੇ ਹਰ ਦੇਸ਼ ਵਿੱਚ ਮੌਜੂਦ ਹੈ, ਜਿਸ ਨਾਲ ਵਪਾਰਕ ਸਾਂਝ ਵਧੇਗੀ ।

4. ਖਾਲਸਾ ਰਾਜ ਵਿੱਚ ਕੋਈ ਵੀ ਭੁੱਖਾ ਨਹੀਂ ਰਹੇਗਾ, ਸਿੱਖਾਂ ਦੀ ਲੰਗਰ ਸੇਵਾ ਦੀ ਮਿਸਾਲ ਦੁਨੀਆ ਦੇਖ ਚੁੱਕੀ ਹੈ ।


LANGLEY BANQUET HALL



SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕੈਨੇਡਾ ’ਚ ਸਾਲ ਦੇ ਅਖ਼ੀਰ ਤੱਕ 4 ਲੱਖ ਤੋਂ ਵਧੇਰੇ ਪ੍ਰਵਾਸੀ ਹੋਣਗੇ ਪੱਕੇ

ਟੋਰਾਂਟੋ(ਪੰਜਾਬ ਮੇਲ)- ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਦੱਸਿਆ ਕਿ ਇਸ ਸਾਲ ਦੇ ਅਖੀਰ ਤੱਕ 4,31,000 ਪ੍ਰਵਾਸੀਆਂ ਨੂੰ ਦੇਸ਼ ’ਚ ਪੱਕੇ ਤੌਰ ’ਤੇ ਮੌਕਾ ਦੇਣ ਦਾ ਟੀਚਾ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਅੱਗੇ ਕਿਹਾ ਕਿ 1 ਜਨਵਰੀ ਤੋਂ 31 ਜੁਲਾਈ 2022 ਤੱਕ 275000 ਤੋਂ ਵੱਧ ਪ੍ਰਵਾਸੀਆਂ ਨੂੰ ਪੱਕੇ ਕੀਤਾ ਜਾ ਚੁੱਕਾ ਹੈ। ਇਸ ਸਮੇਂ ਕੈਨੇਡਾ ’ਚ ਜਾਣ ਲਈ ਲਗਭਗ 28 ਲੱਖ ਲੋਕ ਅਪਲਾਈ ਕਰਕੇ ਕੈਨੇਡੀਅਨ ਵੀਜ਼ਾ ਅਧਿਕਾਰੀਆਂ ਦੇ ਫ਼ੈਸਲੇ ਦੀ ਉਡੀਕ ਰਹੇ ਹਨ। ਇਮੀਗ੍ਰੇਸ਼ਨ ਮੰਤਰੀ ਫਰੇਜ਼ਰ ਨੇ ਦੱਸਿਆ ਕਿ ਵੀਜ਼ਾ, ਵਰਕ ਪਰਮਿਟ, ਪੱਕੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦੀਆਂ ਅਰਜ਼ੀਆਂ ਦਾ ਨਿਪਟਾਰਾ ਮਿਥੇ ਹੋਏ ਮਿਆਰਾਂ ਦੇ ਅਨੁਕੂਲ ਕਰਨ ਲਈ 1250 ਮੁਲਾਜ਼ਮਾਂ ਦੀ ਨਵੀਂ ਭਰਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਐਕਸਪ੍ਰੈਸ ਐਂਟਰੀ ’ਚੋਂ ਡਰਾਅ ਲਗਾਤਾਰ ਕੱਢੇ ਜਾ ਰਹੇ ਹਨ ਅਤੇ ਜਿਨ੍ਹਾਂ ਉਮੀਦਵਾਰਾਂ ਨੂੰ ਪੱਕੀ ਇਮੀਗ੍ਰੇਸ਼ਨ ਅਪਲਾਈ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ, ਉਨ੍ਹਾਂ ਦੀਆਂ ਅਰਜ਼ੀਆਂ ਦਾ ਫ਼ੈਸਲਾ 6 ਮਹੀਨਿਆਂ ’ਚ ਕਰਨ ਦਾ ਟੀਚਾ ਹੈ, ਜਿਸ ਨੂੰ ਅਗਲੇ ਸਾਲ ਦੇ ਸ਼ੁਰੂ ’ਚ ਪੂਰਾ ਕਰ ਲਿਆ ਜਾਵੇਗਾ। ਇਹ ਵੀ ਕਿ ਵਿਆਹੁਤਾ ਪ੍ਰਵਾਸੀ (ਪਤੀ ਜਾਂ ਪਤਨੀ) ਦਾ ਇਮੀਗ੍ਰੇਸ਼ਨ ਕੇਸ 1 ਸਾਲ ’ਚ ਨਿਪਟਾ ਦੇਣ ਦਾ ਟੀਚਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਬੀਤੇ ਸਾਲ ਦੌਰਾਨ ਲਗਭਗ ਦੋ ਲੱਖ ਵਰਕ ਪਰਮਿਟ ਜਾਰੀ ਕੀਤੇ ਗਏ ਸਨ ਪਰ ਇਸ ਸਾਲ ’ਚ ਜੁਲਾਈ ਤੱਕ 3,50,000 ਦੇ ਕਰੀਬ ਵਰਕ ਪਰਮਿਟ (2,20,000 ਓਪਨ ਵਰਕ ਪਰਮਿਟਾਂ ਸਮੇਤ) ਮਨਜ਼ੂਰ ਕੀਤੇ ਜਾ ਚੁੱਕੇ ਹਨ। ਦੇਸ਼ ’ਚ ਕਾਮਿਆਂ ਦੀ ਘਾਟ ਕਾਰਨ ਸਾਬਕਾ ਵਿਦੇਸ਼ੀ ਵਿਦਿਆਰਥੀਆਂ ਅਤੇ ਵਰਕਰਾਂ ਨੂੰ ਕੰਮ ਕਰਨ ਦਾ ਮੌਕਾ ਮਿਲਣਾ ਜਾਰੀ ਹੈ। ਅੰਕੜਿਆਂ ਮੁਤਾਬਿਕ ਕੈਨੇਡਾ ਵਲੋਂ ਰੋਜ਼ਾਨਾ ਲਗਭਗ 1700 ਵਰਕ ਪਰਮਿਟ ਮਨਜ਼ੂਰ ਕੀਤੇ ਜਾ ਰਹੇ ਹਨ। 2022 ਦੇ ਬੀਤੇ ਮਹੀਨਿਆਂ ਦੌਰਾਨ 3,60,000 ਤੋਂ ਵੱਧ ਸਟੱਡੀ ਪਰਮਿਟ ਜਾਰੀ ਕੀਤੇ ਗਏ ਹਨ ਪਰ ਭਾਰਤੀ ਵਿਦਿਆਰਥੀਆਂ ਨੂੰ ਬੀਤੇ ਸਾਲਾਂ ਦੇ ਮੁਕਾਬਲੇ ਇਸ ਸਾਲ ’ਚ ਸਟੱਡੀ ਪਰਮਿਟ ਤੋਂ ਇਨਕਾਰ ਵੱਧ ਕੀਤੇ ਜਾਣ ਦੀਆਂ ਖ਼ਬਰਾਂ ਪ੍ਰਾਪਤ ਹੋ ਰਹੀਆਂ ਹਨ। ਇਸੇ ਦੌਰਾਨ ਵਿਦੇਸ਼ਾਂ ਤੋਂ ਕੈਨੇਡਾ ’ਚ ਟੂਰਿਸਟ ਵੀਜ਼ਾ ਨਾਲ ਪੁੱਜ ਰਹੇ ਵਿਦੇਸ਼ੀਆਂ ਨੂੰ ਵਰਕ ਪਰਮਿਟ ਲੈ ਕੇ ਕੰਮ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੈ ਅਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਇਸ ਪ੍ਰੋਗਰਾਮ ਨੂੰ ਫਰਵਰੀ 2023 ਤੱਕ ਜਾਰੀ ਰੱਖਣ ਦਾ ਐਲਾਨ ਕੀਤਾ ਹੈ।

---

5. ਖਾਲਸਾ ਨਿੱਡਰ ਕੌਮ ਹੈ ਵਿਸ਼ਵ ਸ਼ਾਂਤੀ ਲਈ ਰਾਜ ਦਾ ਦਬਾਅ ਸਾਰੇ ਸੰਸਾਰ ਤੇ ਬਣੇਗਾ ।

6. ਖਾਲਸਾ ਕਿਸੇ ਧਰਮ ਦਾ ਨਿਰਾਦਰ ਨਹੀਂ ਕਰਦਾ, ਹਰ ਧਰਮ ਦਾ ਸਨਮਾਨ ਹੋਵੇਗਾ ।

7. ਗਰੀਬ ਅਮੀਰ ਦਾ ਫਾਸਲਾ ਖਤਮ ਹੋਵੇਗਾ ਕਿਉਂਕਿ ਇਮਾਨਦਾਰੀ ਨਾਲ ਖਾਲਸਾ ਦਸਵੰਦ ਕੱਢਦਾ ਹੈ ।

8. ਦੁਨੀਆ ਵਿੱਚ ਇੱਕ ਕਰਾਈਮ ਫਰੀ ਰਾਜ ਹੋਵੇਗਾ ਕਿਉਂਕਿ ਖਾਲਸਾ ਕਿਸੇ ਤੇ ਜ਼ੁਲਮ ਨਹੀਂ ਕਰਦਾ ਅਤੇ ਨਾ ਹੀ ਜ਼ੁਲਮ ਹੁੰਦਾ ਬਰਦਾਸ਼ਤ ਕਰਦਾ ਹੈ ।

9. ਕੌਮਾਂਤਰੀ ਭਾਈਚਾਰੇ ‘ਚ ਆਪਸੀ ਪਿਆਰ ਵਧੇਗਾ ਕਿਉਂਕਿ ਖਾਲਸਾ ਨਿਰਸਵਾਰਥ, ਨਿਮਰਤਾ, ਦਿਆ, ਨਿਆਂ ਅਤੇ ਸੇਵਾ ਭਾਵਨਾ ਦਾ ਹਾਮੀ ਹੈ ।

10. ਖਾਲਸਾ ਰਾਜ ਨਾਲ ਸੰਸਾਰ ਵਿੱਚ ਖੇਤੀਬਾੜੀ ਦੇ ਯੰਤਰਾਂ, ਤਕਨੀਕਾਂ ਅਤੇ ਫਲਸਾਂ ਸਬੰਧੀ ਆਦਾਨ ਪ੍ਰਦਾਨ ਵਧਗਾ।

ਇੱਕ ਮੁਸਲਮਾਨ ਹੋਣ ਦੇ ਨਾਤੇ ਮੈਂ ਖਾਲਸਾ ਰਾਜ ਦਾ ਸਮਰਥਨ ਕਰ ਰਿਹਾ ਹਾਂ, “ਖਾਲਸਾ ਰਾਜ” ਦੀ ਲੋੜ ਅੱਜ ਸਿਰਫ ਸਿੱਖਾਂ ਨੂੰ ਹੀ ਨਹੀਂ, ਬਲਿਕ ਪੂਰੀ ਇਨਸਾਨੀਅਤ ਨੂੰ ਹੈ। ਸਿੱਖ ਭਾਈਚਾਰੇ ਦੀ ਮਾਨਵਤਾ ਲਈ ਕੀਤੀ ਨਿਰਸਵਾਰਥ ਸੇਵਾ ਦੀ ਮੇਰੇ ਮਨ ‘ਤੇ ਗੂੜ੍ਹੀ ਛਾਪ ਹੈ। ਮੇਰਾ ਮਜ਼ਹਬ ਹੀ ਮੈਨੂੰ ਇਹ ਸਿੱਖਿਆ ਦਿੰਦਾ ਹੈ ਕਿ ਜੇਕਰ ਕੋਈ ਵਿਅਕਤੀ ਜਾਂ ਕੌਮ ਮਾਨਵਤਾ ਲਈ ਚੰਗਾ ਕੰਮ ਕਰ ਰਹੀ ਹੈ ਤਾਂ ਉਸਨੂੰ ਸਰਾਹਿਆ ਜਾਵੇ।



**ਮੁਹੰਮਦ ਜਮੀਲ ਐਡਵੋਕੇਟ (ਐਮ.ਏ. ਜਰਨਾਲਿਜ਼ਮ)**
**ਗਰੀਨ ਟਾਊਨ, ਕਿਲਾ ਰਹਿਮਤਗੜ੍ਹ,ਮਲੇਰਕੋਟਲਾ -: 9417969547**

# ਕੈਨੇਡਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਦੇ ’ਤੇ 2 ਧਿਰਾਂ ਆਹਮੋ ਸਾਹਮਣੇ

ਰੈਜੀਨਾ:ਕੈਨੇਡਾ ਦੇ ਗੁਰਦਵਾਰਾ ਸਾਹਿਬ ਵਿਚੋਂ ਕਥਿਤ ਤੌਰ ’ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਸਸਕੈਚਵਨ ਸੂਬੇ ਦੇ ਰੈਜੀਨਾ ਸ਼ਹਿਰ ਵਿਚ ਵਾਪਰੀ ਘਟਨਾ ਬਾਰੇ ਗੁਰੂ ਘਰ ਦੇ ਗ੍ਰੰਥੀ ਧਰਮਿੰਦਰ ਸਿੰਘ ਨੇ ਦੱਸਿਆ ਕਿ 10-15 ਜਣੇ ਇਕੱਠੇ ਹੋ ਕੇ ਆਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲੈ ਗਏ। ਦੂਜੇ ਪਾਸੇ ਸਰੂਪ ਲਿਜਾਣ ਵਾਲੀ ਧਿਰ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ ਪੂਰਨ ਗੁਰ-ਮਰਿਆਦਾ ਅਨੁਸਾਰ ਨਹੀਂ ਸੀ ਕੀਤੀ ਜਾ ਰਹੀ ਅਤੇ ਸਰੂਪ ਦੇ ਇਕ ਅੰਗ ’ਤੇ ਟੇਪ ਲੱਗੀ ਹੋਈ ਹੈ ਜਿਸ ਨੂੰ ਵੇਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਦੂਜੇ ਗੁਰੂ ਘਰ ਵਿਚ ਕੀਤਾ ਗਿਆ। ਗਲੋਬਲ ਨਿਊਜ਼ ਦੀ ਰਿਪੋਰਟ ਮੁਤਾਬਕ ਰੈਜੀਨਾ ਦੀ ਪਾਰਕ ਸਟ੍ਰੀਟ ਦੇ 1200 ਬਲਾਕ ਵਿਖੇ ਸਥਿਤ ਗੁਰਦਵਾਰਾ ਸਾਹਿਬ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ 3905 ਪ੍ਰਿੰਸੈਸ ਡਰਾਈਵ ਵਿਖੇ ਬਣੇ ਗੁਰੂ ਘਰ ਵਿਚ ਲਿਜਾਏ ਗਏ। ਗ੍ਰੰਥੀ ਧਰਮਿੰਦਰ ਸਿੰਘ ਵੱਲੋਂ ਪੁਲਿਸ ਕੋਲ ਸਰੂਪ ਚੋਰੀ ਹੋਣ ਦੀ ਸ਼ਿਕਾਇਤ ਦਰਜ ਕਰਵਾਈ ਗਈ ਹੈ ਪਰ ਮਾਮਲਾ ਗੁੰਝਲਦਾਰ ਮਹਿਸੂਸ ਹੋ ਰਿਹਾ ਹੈ। ਰੈਜੀਨਾ ਨੌਰਥ ਈਸਟ ਤੋਂ ਐਮ.ਐਲ.ਏ. ਗੈਰੀ ਗਰੇਵਾਲ ਨੇ ਕਿਹਾ ਕਿ ਇਕ ਧਿਰ ਦਾਅਵਾ ਕਰ ਰਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਜ਼ਬਰਦਸਤੀ ਲਿਜਾਏ ਗਏ ਜਦਕਿ ਰੈਜੀਨਾ ਦੀ ਸਿੱਖ ਸੋਸਾਇਟੀ ਦਾ ਕਹਿਣਾ ਹੈ ਕਿ ਅਜਿਹਾ ਕੁਝ ਨਹੀਂ ਵਾਪਰਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪੂਰਨ ਗੁਰ ਮਰਿਆਦਾ ਮੁਤਾਬਕ ਦੂਜੇ ਗੁਰੂ ਘਰ ਵਿਚ ਪ੍ਰਕਾਸ਼ ਕੀਤਾ ਗਿਆ। ਗੈਰੀ ਗਰੇਵਾਲ ਨੇ ਆਖਿਆ ਕਿ ਇਹ ਮਸਲਾ ਵੱਖਰੇ ਤਰੀਕੇ ਨਾਲ ਨਜਿੱਠਣਾ ਹੋਵੇਗਾ ਅਤੇ ਇਸ ਮਕਸਦ ਲਈ ਦੋਹਾਂ ਧਿਰਾਂ ਵਿਚਾਲੇ ਮੀਟਿੰਗ ਲਾਜ਼ਮੀ ਹੈ।

# 2047 ਤੱਕ ਵਿਕਸਤ ਦੇਸ਼ ਬਣ ਜਾਵੇਗਾ ਭਾਰਤ ਅਗਲੇ 25 ਸਾਲ ‘ਅੰਮ੍ਰਿਤ-ਕਾਲ’:ਅੰਬਾਨੀ

ਮੁੰਬਈ: ਆਰਆਈਐਲ ਦੇ ਚੇਅਰਮੈਨ ਅਤੇ ਐਮਡੀ ਮੁਕੇਸ਼ ਅੰਬਾਨੀ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਕੰਪਨੀ ਦੀ 45ਵੀਂ ਸਾਲਾਨਾ ਆਮ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੀਓ ਦੀਵਾਲੀ ਤੱਕ ਦੇਸ਼ ਵਿੱਚ ਆਪਣੀ 5ਜੀ ਸੇਵਾ ਸ਼ੁਰੂ ਕਰੇਗੀ। ਰਿਲਾਇੰਸ ਜੀਓ 2 ਲੱਖ ਕਰੋੜ ਦੇ ਨਿਵੇਸ਼ ਨਾਲ ਦੁਨੀਆ ਦਾ ਸਭ ਤੋਂ ਵੱਡਾ ਨੈੱਟਵਰਕ ਸਥਾਪਤ ਕਰੇਗਾ। ਮੁਕੇਸ਼ ਅੰਬਾਨੀ ਨੇ ਕਿਹਾ, ‘’ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 15 ਅਗਸਤ ਨੂੰ ਆਪਣੇ ਭਾਸ਼ਣ ‘ਚ ਪੰਚ-ਪ੍ਰਣ ਜਾਂ 5 ਜ਼ਰੂਰੀ ਚੀਜ਼ਾਂ ਦੀ ਗੱਲ ਕੀਤੀ ਸੀ, ਜਿਸ ਨਾਲ ਨਿਸ਼ਚਿਤ ਤੌਰ ‘ਤੇ 2047 ਤੱਕ ਭਾਰਤ ਨੂੰ ਵਿਕਸਿਤ ਦੇਸ਼ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੇ ਅਗਲੇ 25 ਸਾਲਾਂ ਨੂੰ ਭਾਰਤ ਦੇ ‘ਅੰਮ੍ਰਿਤ ਕਾਲ’ ਦੇ ਰੂਪ ਵਿਚ ਵਰਣਨ ਕੀਤਾ। “ਮੁਕੇਸ਼ ਅੰਬਾਨੀ ਨੇ ਰਿਲਾਇੰਸ ਇੰਡਸਟਰੀਜ਼ ਲਿਮਟਿਡ ਬਾਰੇ ਕਿਹਾ ਕਿ ਸਾਡੀ ਕੰਪਨੀ 100 ਬਿਲੀਅਨ ਡਾਲਰ ਦੀ ਸਾਲਾਨਾ ਆਮਦਨ ਨੂੰ ਪਾਰ ਕਰਨ ਵਾਲੀ ਭਾਰਤ ਦੀ ਪਹਿਲੀ ਕਾਰਪੋਰੇਟ ਬਣ ਗਈ ਹੈ। ਰਿਲਾਇੰਸ ਦਾ ਏਕੀਕ੍ਰਿਤ ਮਾਲੀਆ 47% ਵਧ ਕੇ 7.93 ਲੱਖ ਕਰੋੜ ਰੁਪਏ ਜਾਂ $104.6 ਬਿਲੀਅਨ ਹੋ ਗਿਆ। ਰਿਲਾਇੰਸ ਦਾ ਸਾਲਾਨਾ 1.25 ਲੱਖ ਕਰੋੜ ਦੇ ਮਹੱਤਵਪੂਰਨ ਮੀਲ ਪੱਥਰ ਨੂੰ ਪਾਰ ਕਰ ਗਿਆ ਹੈ।

# ਭਾਰਤ ’ਚ ਸਾਲ 2021 ਦੌਰਾਨ ਨਿੱਤ ਔਸਤਨ 86 ਬਲਾਤਕਾਰ ਦੇ ਮਾਮਲੇ ਹੋਏ ਦਰਜ

ਦਿੱਲੀ-ਕੌਮੀ ਅਪਰਾਧ ਰਿਕਾਰਡ ਬਿਊਰੋ (ਐੱਨਸੀਆਰਬੀ) ਦੀ ਨਵੀਂ ਰਿਪੋਰਟ ਅਨੁਸਾਰ 2021 ਵਿੱਚ ਭਾਰਤ ਵਿੱਚ ਬਲਾਤਕਾਰ ਦੇ ਕੁੱਲ 31,677 ਮਾਮਲੇ ਦਰਜ ਕੀਤੇ ਗਏ, ਭਾਵ ਪ੍ਰਤੀ ਦਿਨ ਔਸਤਨ 86 ਮਾਮਲੇ।

ਇਸ ਦੇ ਨਾਲ ਹੀ ਉਸ ਸਾਲ ਪ੍ਰਤੀ ਘੰਟਾ ਔਰਤਾਂ ਵਿਰੁੱਧ ਅਪਰਾਧ ਦੇ 49 ਮਾਮਲੇ ਦਰਜ ਕੀਤੇ ਗਏ।

ਗ੍ਰਹਿ ਮੰਤਰਾਲੇ ਦੇ ਅਧੀਨ ਕੰਮ ਕਰਨ ਵਾਲੇ ਬਿਊਰੋ ਦੀ ‘ਕ੍ਰਾਈਮ ਇਨ ਇੰਡੀਆ 2021’ ਰਿਪੋਰਟ ਅਨੁਸਾਰ ਸਾਲ 2020 ਵਿੱਚ ਬਲਾਤਕਾਰ ਦੇ 28,046 ਮਾਮਲੇ ਦਰਜ ਕੀਤੇ ਗਏ ਸਨ, ਜਦੋਂ ਕਿ 2019 ਵਿੱਚ 32,033 ਮਾਮਲੇ ਦਰਜ ਕੀਤੇ ਗਏ ਸਨ।

ਸਾਲ 2021 ਵਿੱਚ ਰਾਜਸਥਾਨ ਵਿੱਚ ਸਭ ਤੋਂ ਵੱਧ 6,337 ਬਲਾਤਕਾਰ ਦੇ ਮਾਮਲੇ ਦਰਜ ਕੀਤੇ ਗਏ, ਇਸ ਤੋਂ ਬਾਅਦ ਮੱਧ ਪ੍ਰਦੇਸ਼ ਵਿੱਚ 2,947, ਮਹਾਰਾਸ਼ਟਰ ਵਿੱਚ 2,496, ਉੱਤਰ ਪ੍ਰਦੇਸ਼ ਵਿੱਚ 2,845, ਦਿੱਲੀ ਵਿੱਚ 1,250 ਬਲਾਤਕਾਰ ਦੇ ਮਾਮਲੇ ਦਰਜ ਕੀਤੇ ਗਏ।



# ਮੁੱਖ ਮੰਤਰੀ ਵੱਲੋਂ ਜਾਂਚ ਦੇ ਹੁਕਮ

ਚੰਡੀਗੜ੍ਹ. ਮੁੱਖ ਮੰਤਰੀ ਭਗਵੰਤ ਮਾਨ ਨੇ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਬਾਕਰਪੁਰਾ ਵਿਖੇ ਇਕ ਚਰਚ ਵਿੱਚ ਹੋਈ ਬੇਅਦਬੀ ਅਤੇ ਅੱਗ ਲਾਉਣ ਦੀ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ, "ਇਹ ਬਹੁਤ ਹੀ ਨਿੰਦਣਯੋਗ ਘਟਨਾ ਹੈ ਅਤੇ ਇਸ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।"ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਡੀ.ਜੀ.ਪੀ. ਨੂੰ ਇਸ ਨਾ-ਮੁਆਫੀਯੋਗ ਘਟਨਾ ਦੀ ਤਹਿ ਤੱਕ ਜਾ ਕੇ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਘਟਨਾ ਪਿੱਛੇ ਸੂਬੇ ਦੀ ਅਮਨ-ਸ਼ਾਂਤੀ, ਖੁਸ਼ਹਾਲੀ ਅਤੇ ਤਰੱਕੀ ਦੀਆਂ ਦੁਸ਼ਮਣ ਤਾਕਤਾਂ ਦਾ ਹੱਥ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਦਾ ਮਕਸਦ ਸੂਬੇ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨਾ ਅਤੇ ਪੰਜਾਬ ਦੀ ਫਿਰਕੂ ਸਦਭਾਵਨਾ ਤੇ ਭਾਈਚਾਰਕ ਸਾਂਝ ਨੂੰ ਲੀਹੋਂ ਲਾਹੁਣਾ ਸੀ।

# ਭਾਰਤੀ ਸਰਹੱਦ 'ਤੇ ਚੀਨ ਦਾ ਕਬਜ਼ਾ ਕੌਮਾਂਤਰੀ ਨਿਯਮਾਂ ਦੀ ਉਲੰਘਣਾ:ਐਕਰਮੈਨ

ਨਵੀਂ ਦਿੱਲੀ:-ਜਰਮਨੀ ਦੇ ਰਾਜਦੂਤ ਫਿਲਿਪ ਐਕਰਮੈਨ ਨੇ ਇੱਥੇ ਕਿਹਾ ਕਿ ਭਾਰਤ ਦੀ ਸਰਹੱਦ 'ਤੇ ਚੀਨ ਦਾ ਕਬਜ਼ਾ ਕੌਮਾਂਤਰੀ ਵਿਵਸਥਾ ਦੀ ਉਲੰਘਣਾ ਹੈ ਤੇ ਇਸ ਨੂੰ ਸਵੀਕਾਰ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਯੂਕਰੇਨ 'ਤੇ ਰੂਸ ਵੱਲੋਂ ਕੀਤੇ ਗਏ ਹਮਲੇ ਨੂੰ ਲੈ ਕੇ ਯੂਰਪ ਦੇ ਗੁੱਸੇ ਨੂੰ ਵੀ ਸਮਝਣ ਦੀ ਜ਼ਰੂਰਤ ਹੈ।ਨਵੇਂ ਨਿਯੁਕਤ ਰਾਜਦੂਤ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਅਰੁਣਾਚਲ ਪ੍ਰਦੇਸ਼ 'ਤੇ ਚੀਨ ਵੱਲੋਂ ਕੀਤੇ ਜਾ ਰਹੇ ਦਾਅਵੇ ਨੂੰ ਬਹੁਤ ਹੀ ਹੈਰਾਨ ਕਰਨ ਵਾਲਾ ਕਰਾਰ ਦਿੱਤਾ। ਰੂਸ ਵੱਲੋਂ ਯੂਕਰੇਨ 'ਤੇ ਕੀਤੇ ਗਏ ਹਮਲੇ ਨੂੰ 70 ਸਾਲਾਂ ਅੰਦਰ ਦੁਨੀਆ ਦਾ ਸਭ ਤੋਂ ਵੱਡਾ ਹਮਲਾ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਭਾਰਤ ਵੀ ਇਸ ਨੂੰ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਮੰਨਦਾ ਹੈ।ਉਨ੍ਹਾਂ ਕਿਹਾ, 'ਅਸੀਂ ਉੱਤਰੀ ਸਰਹੱਦ 'ਤੇ ਭਾਰਤ ਲਈ ਬਣੀ ਸਮੱਸਿਆ ਤੋਂ ਜਾਣੂ ਹਾਂ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਚੀਨ ਦਾਅਵਾ ਕਰ ਰਿਹਾ ਹੈ ਕਿ ਅਰੁਣਾਚਲ ਪ੍ਰਦੇਸ਼ ਚੀਨ ਦਾ ਹਿੱਸਾ ਹੈ। ਸਾਨੂੰ ਇਹ ਸਪੱਸ਼ਟ ਦਿਖਾਈ ਦੇ ਰਿਹਾ ਹੈ ਕਿ ਸਰਹੱਦ 'ਤੇ ਹਾਲਾਤ ਬਹੁਤ ਖਰਾਬ ਹਨ।

# ਭਾਖੜਾ ਬੋਰਡ ਪੰਜਾਬ ਦਾ ਨਹੀਂ:ਗਜੇਂਦਰ ਸ਼ੇਖਾਵਤ ਬੰਦੀ ਸਿੱਖਾਂ ਦੀ ਸੂਚੀ ਹਾਲੇ ਤੱਕ ਕੇਂਦਰ ਨੂੰ ਕਿਸੇ ਨੇ ਨਹੀਂ ਸੌਂਪੀ

ਚੰਡੀਗੜ੍ਹ:-ਭਾਖੜਾ ਬਿਆਸ ਪ੍ਰਬੰਧਨ ਬੋਰਡ(ਬੀਬੀਐੱਮਬੀ) ਬਾਰੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਇਥੇ ਕਿਹਾ ਕਿ ਬੀਬੀਐੱਮਬੀ ਸਿਰਫ਼ ਪੰਜਾਬ ਦਾ ਬੋਰਡ ਨਹੀਂ, ਸਗੋਂ ਇਹ ਪੰਜਾਬ ਦੇ ਨਾਲ ਹਰਿਆਣਾ, ਦਿੱਲੀ, ਰਾਜਸਥਾਨ ਦਾ ਸਾਂਝਾ ਬੋਰਡ ਹੈ। ਇਸ 'ਤੇ ਸਭ ਦਾ ਬਰਾਬਰ ਦਾ ਹੱਕ ਹੈ। ਬੰਦੀ ਸਿੰਘਾਂ ਦੀ ਰਿਹਾਈ ਬਾਰੇ ਉਨ੍ਹਾਂ ਕਿਹਾ ਕਿ ਕਾਫੀ ਸਮੇਂ ਤੋਂ ਇਸ ਸਬੰਧੀ ਮੰਗ ਤਾਂ ਕੀਤੀ ਜਾ ਰਹੀ ਹੈ ਪਰ ਉਹ ਬੰਦੀ ਸਿੰਘਾਂ ਦੀ ਸੂਚੀ ਮੰਗ ਮੰਗ ਕੇ ਥੱਕ ਗਏ ਹਨ ਪਰ ਹੁਣ ਤੱਕ ਕਿਸੇ ਨੇ ਸਰਕਾਰ ਨੂੰ ਸਿੱਖ ਕੈਦੀਆਂ ਦੀ ਸੂਚੀ ਹੀ ਨਹੀਂ ਦਿੱਤੀ। ਕੇਂਦਰ ਸਰਕਾਰ ਇਸ ਗੰਭੀਰ ਮੁੱਦੇ 'ਤੇ ਹਮਦਰਦੀ ਨਾਲ ਗੌਰ ਕਰ ਰਹੀ ਹੈ। ਉਨ੍ਹਾਂ ਕਾਂਗਰਸ ਨੂੰ ਗਾਂਧੀ ਪਰਿਵਾਰ ਦੀ ਪਾਰਟੀ ਕਰਾਰ ਦਿੱਤਾ। ਇਸ ਨਾਲ ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਭਾਜਪਾ ਦਾ ਵੋਟ ਬੈਂਕ ਵਧਿਆ ਹੈ। ਇਸ ਮੌਕੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਤੀਕਸ਼ਣ ਸੂਦ, ਸੁਭਾਸ਼ ਸ਼ਰਮਾ, ਸੁਸ਼ੀਲ ਰਾਣਾ, ਸੰਜੀਵ ਵਸ਼ਿਸ਼ਟ, ਸੁਖਵਿੰਦਰ ਸਿੰਘ ਗੋਲਡੀ, ਨਰਿੰਦਰ ਰਾਣਾ, ਅਰੁਣ ਸ਼ਰਮਾ, ਅਸ਼ੋਕ ਝਾਅ ਅਤੇ ਰਮੇਸ਼ ਵਰਮਾ ਮੌਜੂਦ ਸਨ।

# ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਬੰਦ ਕਰਨ ਦਾ ਕੀਤਾ ਐਲਾਨ

ਨਵੀਂ ਦਿੱਲੀ:ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਬਾਬਰੀ ਮਸਜਿਦ ਢਾਂਚਾ ਢਾਹੇ ਜਾਣ ਨਾਲ ਸਬੰਧਤ ਸਾਰੇ ਕੇਸਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਅਦਾਲਤ ਨੇ ਇਸ ਸਬੰਧੀ ਦਾਇਰ ਸਾਰੀਆਂ ਮਾਣਹਾਨੀ ਪਟੀਸ਼ਨਾਂ ਨੂੰ ਵੀ ਬੰਦ ਕਰ ਦਿੱਤਾ ਹੈ। ਇਹ ਸਾਰੀਆਂ ਪਟੀਸ਼ਨਾਂ 1992 ਵਿੱਚ ਬਾਬਰੀ ਮਸਜਿਦ ਨੂੰ ਢਾਹੁਣ ਤੋਂ ਰੋਕਣ ਵਿੱਚ ਨਾਕਾਮ ਰਹਿਣ ਕਾਰਨ ਰਾਜ ਸਰਕਾਰ ਤੇ ਇਸ ਦੇ ਕੁਝ ਅਧਿਕਾਰੀਆਂ ਖ਼ਿਲਾਫ਼ ਦਾਇਰ ਕੀਤੀਆਂ ਗਈਆਂ ਸਨ।

# ਦੇਦਾਂ ਦੇ, ਲੈਂਦੇ ਥਕਿ ਪਾਹਿ

ਮੈਂ ਥੱਕ ਜਾਣਾ, ਮੇਰਾ ਬਾਪ ਥੱਕ ਗਿਆ, ਮੇਰੇ ਦਾਦੇ, ਪੜਦਾਦੇ, ਲਕੜਦਾਦੇ ਅਗਾਂਹ ਓਨਾ ਦੇ ਲਕੜਦਾਦੇ ਥੱਕ ਗਏ।

ਇਨੇ ਥੱਕ ਗਏ ਕਿ ਪਾਣੀ ਦਾ ਚਮਚਾ ਵੀ ਅੰਦਰ ਨੇ ਨਾ ਕਬੂਲਿਆ ਅਤੇ ਆਖਰ ਕਪੜਾ ਗਿਲਾ ਕਰਕੇ ਬੁਲਾਂ ਤੇ ਫੇਰਨਾ ਪਿਆ। ਰਾਜੇ, ਮਹਾਰਾਜੇ ਥੱਕ ਗਏ, ਬਾਦਸ਼ਾਹੀਆਂ ਥੱਕ ਕੇ ਚਲੇ ਗਈਆਂ, ਫੌਜਾਂ ਦੇ ਕਟਕ ਥੱਕ ਗਏ ਪਰ ਨਾ ਹਵਾ ਥੱਕੀ, ਨਾ ਸੂਰਜ ਦੀ ਅੱਗ, ਨਾ ਪਾਣੀ ਥੱਕਿਆ ਨਾ ਧਰਤੀ ਥੱਕੀ ਪੈਦਾ ਕਰਦੀ।

ਪੱਥਰ ਜੁਗ ਤੋਂ ਲੈ ਕੇ ਬੰਦਾ ਧਰਤੀ ਖੋਦੀ ਗਿਆ, ਕੱਢੀ ਗਿਆ, ਖਾਈ ਗਿਆ, ਥੱਕੀ ਗਿਆ ਪਰ ਆਖਰ ਇਨਾ ਥੱਕ ਗਿਆ ਕਿ ਖੁਦ ਹੀ ਸਿਰ ਮਾਰ ਗਿਆ ਪਰ ਦੇਣ ਵਾਲਾ ਤਾਂ ਓਵੇਂ ਦਾ ਓਵੇਂ ਮੌਜੂਦ, ਓਵੇਂ ਹੀ ਕਾਇਮ ਦਾਇਮ। ਓਹ ਕਹਿੰਦਾ ਚਲ ਕੋਈ ਨਾ ਤੈਂ ਥੱਕ ਗਿਆਂ ਤਾਂ ਤੇਰੀ ਅਗਲੀ ਨਸਲ ਨੂੰ ਦੇ ਦਿੰਨਾ ਪਰ ਆਖਰ ਓਹ ਵੀ ਥੱਕ ਕੇ ਤੁਰੀ ਗਏ ਅਤੇ ਇਓਂ ਪੀਹੜੀ ਦਰ ਪੀਹੜੀ ਥੱਕਦੀ ਚਲੀ ਗਈ ਪਰ ਦੇਣ ਵਾਲਾ ਓਵੇਂ ਦਾ ਓਵੇਂ।

ਬਾਬਾ ਜੀ ਅਪਣੇ ਕਹਿੰਦੇ ਓਹ ਖਾਲੀ ਹੋਣ ਤੇ ਵਾਰ ਵਾਰ ਕੜਾਹੇ ਨਹੀ ਚਾਹੜਦਾ ਬਸ ਜੋ ਕਿਛ ਪਾਇਆ ਸੋ ਏਕਾ ਵਾਰ। ਇਕੋ ਵਾਰ ਈ ਉਲੱਦ ਦਿਤਾ ਸਭ ਕਿ ਖਾਈ ਚਲ ਥੱਕੀ ਚਲ।ਇਹ ਮੇਰੀ ਸਮਰਥਾ ਕਿ ਮੈਂ ਕਿੰਨਾ ਕੱਢ ਸਕਨਾਂ, ਕਿੰਨਾ ਖਾ ਸਕਦਾਂ ਕਿੰਨਾ ਹਜਮ ਕਰ ਸਕਦਾਂ।

ਸਟੋਰਾਂ ਵਿਚ ਜਾਓ ਬੰਦਾ ਵਿਸਮਾਦ ਈ ਤਾਂ ਹੋ ਜਾਂਦਾ। ਕੋਈ ਅੰਤ ਨਾ, ਕਿੰਨੇ ਰੰਗਾ ਅਤੇ ਰਸਾਂ ਦੇ ਫਲ, ਕਿੰਨੇ ਸਵਾਦਾਂ ਦੀਆਂ ਸਬਜੀਆਂ, ਕਿੰਨੀਆਂ ਤਸੀਰਾਂ, ਕਿਸੇ ਦੀ ਠੰਡੀ ਕਿਸੇ ਦੀ ਤਤੀ, ਕੋਈ ਕੌੜੀ, ਕਸੈਲੀ ਕੋਈ ਕਰਾਰੀ। ਗਰਮੀਆਂ ਦੇ ਭੰਡਾਰੇ ਹੋਰ, ਸਰਦੀਆਂ ਦੇ ਹੋਰ, ਸਪਰਿੰਗ ਵਿਚ ਹੋਰ, ਪਤਝੜਾਂ ਵਿਚ ਹੋਰ। ਇਕੋ ਈ ਧਰਤੀ ਵਿਚੋਂ ਇਕੋ ਈ ਮਿਟੀ ਵਿਚੋਂ ਜੋ ਮਰਜੀ ਕੱਢੀ ਚਲੋ, ਜੋ ਮਰਜੀ ਖਾਈ ਚਲੋ, ਜਿਹੜਾ ਮਰਜੀ ਖਾਈ ਚਲੋ।

ਇਥੇ ਪਾਪੀ ਨਾ ਪੁੰਨੀ ਨਾ ਦਾਨੀ ਨਾ ਭਿਖਾਰੀ। ਹਵਾ ਸਭ ਨੂੰ, ਧੁਪ ਸਭ ਨੂੰ, ਪਾਣੀ ਸਭ ਨੂੰ, ਅੰਨ ਸਭ ਨੂੰ। ਕੋਈ ਦਸੇ ਕਿ ਗਰੀਬ ਦਾ ਬੀਜਿਆ ਦਾਣਾ ਨਹੀ ਉਗਦਾ ਅਤੇ ਅਮੀਰ ਦੇ ਬੀਜੇ ਦਾ ਜਿਆਦਾ ਫਲ ਲਗਦਾ। ਜਾਂ ਗਰੀਬ ਦੇ ਬੀਜੇ ਦਾ ਉਗਾਓਂਣ ਤੋਂ ਧਰਤੀ ਨੇ ਨਾਂਹ ਕਰ ਦਿਤੀ ਹੋਵੇ ਜਾਂ ਸੂਰਜ ਨੇ ਗਰਮੀ ਦੇਣੋ।

ਇਹ ਹਾਵਾਂ ਨਾਵਾਂ ਤਾਂ ਬੰਦੇ ਦੀਆਂ ਨੇ ਰਬ ਸਚੇ ਦੀਆਂ ਕਾਹਨੂੰ। ਅਜ ਜੇ ਕੋਈ ਬੰਦਾ ਭੁਖਾ ਸੌਂ ਰਿਹਾ ਤਾਂ ਖੁਦ ਬੰਦੇ ਦੀ ਹੀ ਹਵਸ ਕਰਕੇ ਓਹ ਤਾਂ ਖੁਲੇ ਹਥ ਸੁਟੀ ਤੁਰਿਆ ਆ ਰਿਹਾ।ਭਰੀ ਤੁਰਿਆ ਆ ਰਿਹਾ। ਦਈ ਤੁਰਿਆ ਆ ਰਿਹਾ ਅਤੇ ਬੰਦੇ ਥੱਕ ਥੱਕ ਤੁਰੀ ਜਾ ਰਹੇ ਨੇ ਪਰ ਓਹ ਓਵੇਂ ਈ ਭਰਪੂਰ ਦਾ ਭਰਪੂਰ। ਨਾ ਅਕਦਾ ਨਾ ਥਕਦਾ। ਕਿ ਥਕਦਾ?

**-ਗੁਰਦੇਵ ਸਿੰਘ ਸੱਧੇਵਾਲੀਆ**

# 'ਭਾਰਤ ਜੋੜੋ ਯਾਤਰਾ' ਦੌਰਾਨ ਸਾਰਾ ਰਸਤਾ ਪੈਦਲ ਤੈਅ ਕਰਨਗੇ ਰਾਹੁਲ

ਨਵੀਂ ਦਿੱਲੀ-ਕਾਂਗਰਸ ਵਲੋਂ ਸੀਨੀਅਰ ਕਾਂਗਰਸੀ ਨੇਤਾ ਜੈਰਾਮ ਰਮੇਸ਼, ਕੇ.ਸੀ. ਵੇਣੂਗੋਪਾਲ ਅਤੇ ਦਿਗਵਿਜੈ ਸਿੰਘ ਨੇ ਸਾਂਝੀ ਕਾਨਫਰੰਸ ਦੌਰਾਨ ਸੋਮਵਾਰ ਨੂੰ ਕਿਹਾ ਕਿ 7 ਸਤੰਬਰ ਤੋਂ ਸ਼ਾਮ 5 ਵਜੇ ਸ਼ੁਰੂ ਹੋਣ ਵਾਲੀ 3500 ਕਿਲੋਮੀਟਰ ਲੰਬੀ ਭਾਰਤ ਜੋੜੋ ਯਾਤਰਾ ਪਾਰਟੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜਨ ਸੰਪਰਕ ਮੁਹਿੰਮ ਹੈ ਅਤੇ ਇਸ ਵਿਚ ਰਾਹੁਲ ਗਾਂਧੀ ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਦਾ ਰਸਤਾ ਪੈਦਲ ਹੀ ਤੈਅ ਕਰਨਗੇ।

TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

ਦੇਗ ਤੇਗ ਫਤਿਹ

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

ਪੰਥ ਕੀ ਜੀਤ

1 ਸਤੰਬਰ, ਦਿਨ ਵੀਰਵਾਰ........ਦੋ ਅਨੰਦ ਕਾਰਜ ਹੋਣਗੇ।
2 ਸਤੰਬਰ, ਦਿਨ ਸ਼ੁੱਕਰਵਾਰ.......ਸਵੇਰ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਮਨਾਉਣ ਹਿਤ 9:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਸ ਦੇ ਭੋਗ 4 ਸਤੰਬਰ ਦਿਨ ਐਤਵਾਰ ਸਵੇਰੇ 9:30 ਵਜੇ ਪਾਏ ਜਾਣਗੇ। ਇਸ ਪੁਰਬ ਦੀ ਸਾਰੀ ਸੇਵਾ ਬੀਬੀ ਅਮਰਜੀਤ ਕੌਰ ਸੁਪਤਨੀ ਸਵਰਵਾਸੀ ਭਾਈ ਸੁਰਜੀਤ ਸਿੰਘ ਪਾਲ ਵਲੋਂ ਕੀਤੀ ਜਾਵੇਗੀ।
2 ਸਤੰਬਰ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਸਤੰਬਰ, ਦਿਨ ਸ਼ਨਿੱਚਰਵਾਰ....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
3 ਸਤੰਬਰ, ਦਿਨ ਸ਼ਨਿੱਚਰਵਾਰ....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਭਾਈ ਰਣਦੀਪ ਸਿੰਘ ਮਾਨ ਅਤੇ ਪਰਿਵਾਰ ਅਤੇ ਨੰਬਰ 2 ਦਰਬਾਰ ਹਾਲ ਵਿਚ ਭਾਈ ਗੁਰਪ੍ਰੀਤ ਸਿੰਘ ਰਾਏ ਅਤੇ ਪਰਿਵਾਰ ਵਲੋਂ ਲੰਗਰ ਦੀ ਸੇਵਾ ਹੋਵੇਗੀ।
4 ਸਤੰਬਰ, ਦਿਨ ਐਤਵਾਰ........ਸਵੇਰ ਨੂੰ ਅਰੰਭ ਕੀਤੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।
4 ਸਤੰਬਰ, ਦਿਨ ਐਤਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਬੀਬੀ ਕੁਲਵੰਤ ਕੌਰ ਨਿੱਝਰ ਅਤੇ ਪਰਿਵਾਰ ਵਲੋਂ ਹੋਵੇਗੀ।
8 ਸਤੰਬਰ, ਦਿਨ ਵੀਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
9 ਸਤੰਬਰ, ਦਿਨ ਸ਼ੁੱਕਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
9 ਸਤੰਬਰ, ਦਿਨ ਸ਼ੁੱਕਰਵਾਰ......ਬਾਅਦ ਦੁਪਹਿਰ 3:00 ਵਜੇ ਅਨੰਦ ਕਾਰਜ ਹੋਵੇਗਾ।
10 ਸਤੰਬਰ, ਦਿਨ ਸ਼ਨਿੱਚਰਵਾਰ...ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
11 ਸਤੰਬਰ, ਦਿਨ ਐਤਵਾਰ.......ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
11 ਸਤੰਬਰ, ਦਿਨ ਐਤਵਾਰ.......ਨੰਬਰ ਦੋ ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।
11 ਸਤੰਬਰ, ਦਿਨ ਐਤਵਾਰ.......ਬਾਅਦ ਦੁਪਹਿਰ 2:30 ਵਜੇ ਸਵਰਗਵਾਸੀ ਭਾਈ ਹਰਪਾਲ ਸਿੰਘ ਰੰਧਾਵਾ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।

ਸ਼ਹੀਦ ਬਾਬਾ ਮਤੀ ਜੀ ਪਿੰਡ ਡਰੋਲੀ ਕਲਾਂ
ਜ਼ਿਲ੍ਹਾ ਜਲੰਧਰ ਵਾਲਿਆਂ ਦੀ ਯਾਦ ਵਿਚ
ਸ੍ਰੀ ਅਖੰਡ ਪਾਠ ਸਾਹਿਬ

ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੀ.ਸੀ. ਵਿਚ ਰਹਿੰਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਮਤੀ ਜੀ ਦੀ ਯਾਦ ਵਿਚ ਗੁਰੂਘਰ ਅਕਾਲੀ ਸਿੰਘ ਸੁਸਾਇਟੀ 1890 ਸਕੀਨਾ ਸਟਰੀਟ ਵੈਨਕੂਵਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਰਖਾਏ ਜਾ ਰਹੇ ਹਨ। ਬਾਬਾ ਮਤੀ ਜੀ ਦੇ ਸਾਰੇ ਸ਼ਰਧਾਲੂਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਤਿੰਨੇ ਦਿਨ ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰਬਾਣੀ ਦਾ ਅਨੰਦ ਮਾਣੋ, ਗੁਰੂ ਸੇਵਾ ਵਿਚ ਹੱਥ ਵਟਾਓ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਪ੍ਰੋਗਰਾਮ
ਅਰੰਭ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ 2022, ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 18 ਸਤੰਬਰ 2022, ਦਿਨ ਐਤਵਾਰ ਸਵੇਰੇ 9:00 ਵਜੇ
ਭੋਗ ਉਪਰੰਤ ਕੀਰਤਨੀ ਜਥੇ ਅਤੇ ਗੁਣੀ ਗਿਆਨੀ ਗੁਰਬਾਣੀ ਕੀਰਤਨ ਅਤੇ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ ਜੀ।
ਸੰਗਤਾਂ ਦੇ ਦਾਸ: ਬਾਬਾ ਮਤੀ ਜੀ ਦੀ ਸਾਧ ਸੰਗਤ

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇਂ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ!

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਕਾਵਿ ਕਿਆਰੀ

## ਮਹਾਨ ਸੇਵਕ ਤੇ ਸ਼ੁਭਚਿੰਤਕ ਮਿੱਤਰ ਨੂੰ ਸਮਰਪਿਤ



## ਮਹਾਨ ਵਿਦਵਾਨ ਤੇ ਲੇਖਕ ਡਾ. ਸਰੂਪ ਸਿੰਘ ਅਲੱਗ

ਬਣ ਕੇ ਗੁਰੂ ਦਾ ਸੱਚਾ ਤੇ ਨਿਮ੍ਰ ਸੇਵਕ,
ਲੋਕ ਸੇਵਾ ਲਈ ਅਪਰ ਅਪਾਰ ਲਿਖਿਆ।
ਗੁਣ ਗਿਆਨ ਤੇ ਗੁਰੂ ਦੀ ਓਟ ਲੈ ਕੇ,
ਨਾਮ ਬਾਣੀ ਦਾ ਸੁਹਜ ਸ਼ਿੰਗਾਰ ਲਿਖਿਆ।
ਖੋਲ੍ਹ ਨਾਮ ਤੇ ਬਾਣੀ ਦੇ ਭੇਦ ਗੁੱਝੇ,
ਜੀਵਨ ਜੀਊਣ ਦਾ ਜਾਦੂ ਵਿਸਥਾਰ ਲਿਖਿਆ।
ਕਿੰਨੀ ਲਗਨ ਤਪੱਸਿਆ ਤੇ ਨਾਲ ਸ਼ਰਧਾ,
ਰਾਤਾਂ ਝਾਗ ਕੇ ਬਾਣੀ ਦਾ ਸਾਰ ਲਿਖਿਆ।
ਅੰਮ੍ਰਿਤ ਵੇਲੇ ਹੀ ਉਠ ਇਸ਼ਨਾਨ ਕਰਕੇ,
ਖੋਜ ਖੋਜ ਕੇ ਬਾਣੀ ਸਤਿਕਾਰ ਲਿਖਿਆ।
ਕਿੰਨੀ ਉੱਚੀ ਤੇ ਸੁੱਚੀ ਏ ਲਗਨ ਸ਼ਰਧਾ,
ਸਾਰੀ ਉਮਰ ਹੀ ਬਾਣੀ ਵਿਚਾਰ ਲਿਖਿਆ।
"ਲਿਖੇ ਬਾਝੋਂ ਸੁਰਤ ਨਾਹੀਂ" ਦੀ ਤੁਕ ਉੱਤੇ,
ਲਿਖ ਲਿਖ ਕੇ ਲੇਖ ਭੰਡਾਰ ਲਿਖਿਆ।
ਲਿਖਣ ਲਈ ਤਪੱਸਿਆ ਘੋਰ ਸਾਧੀ,
ਭੁਲ ਕੇ ਸੁੱਖ ਤੇ ਸਿਹਤ ਵਿਸਾਰ ਲਿਖਿਆ।
ਲਿਖਤੀ ਸੌ ਤੋਂ ਵਧ ਕਮਾਲ ਪੁਸਤਕ,
ਰੱਬੀ ਰਹਿਮਤਾਂ ਦਾ ਜੱਸ ਉਪਕਾਰ ਲਿਖਿਆ।
ਖਲਕ ਸੇਵਾ ਹੀ ਖਾਲਕ ਦੀ ਹੈ ਸੇਵਾ,
ਬਣ ਕੇ ਖਲਕਤ ਦਾ ਸ਼ਾਹ-ਸਵਾਰ ਲਿਖਿਆ।
ਵੇਚੀ ਅਣਖ ਜ਼ਮੀਰ ਨਾ ਕੁਰਸੀਆਂ ਲਈ,
ਬਣ ਕੇ ਸੂਰਮਾ ਸਿੰਘ ਸਰਦਾਰ ਲਿਖਿਆ।
ਧੁਰ ਕੀ ਬਾਣੀ ਦੀ ਵੰਡੀ ਖੁਸ਼ਬੋ ਜੱਗ ਤੇ,
ਬਣ ਕੇ ਗੁਰੂ ਦੇ ਗਲੇ ਦਾ ਹਾਰ ਲਿਖਿਆ।

**(ਗਿਆਨ ਸਿੰਘ ਕੋਟਲੀ ਵੈਨਕੂਵਰ)**

## ਪਤਾ ਹੀ ਨਹੀਂ ਚਲਾ

ਕੈਸੇ ਕਟਾ ਜਿੰਦਗੀ ਕਾ ਸਫਰ
ਪਤਾ ਹੀ ਨਹੀਂ ਚਲਾ।
ਕਿਆ ਪਾਇਆ ਕਿਆ ਖੋਇਆ,
ਬੀਤਾ ਬਚਪਨ,ਗਈ ਜਵਾਨੀ,
ਕੱਦ ਆਇਆ ਬੁਢਾਪਾ
ਪਤਾ ਹੀ ਨਹੀਂ ਚਲਾ।

ਕੱਲ ਬੇਟੇ ਥੇ ,ਕਦ ਸਸੁਰ ਬਣ ਗਏ,
ਕਦ ਪਾਪਾ ਸੇ ਨਾਨੂ ਬਣ ਗਏ ,
ਪਤਾ ਹੀ ਨਹੀਂ ਚਲਾ।
ਕੋਈ ਕਹਿੰਦਾ ਸਠਿਆ ਗਏ,
ਕੋਈ ਕਹਿੰਦਾ ਛਾਅ ਗਏ,
ਕੀ ਸੱਚ ਹੈ,
ਪਤਾ ਹੀ ਨਹੀਂ ਚਲਾ।

ਪਹਿਲਾਂ ਮਾਂ ਦੀ ਚਲੀ,
ਫਿਰ ਪਤਨੀ ਦੀ ਫਿਰ ਬੱਚੋਂ ਕੀ,
ਅਪਨੀ ਕਦੋਂ ਚਲੀ,
ਪਤਾ ਹੀ ਨਹੀ ਚਲਾ।

ਪਤਨੀ ਕਹਿੰਦੀ ਸਮਝ ਜਾਉ,
ਕੀ ਸਮਝੂੰ,ਕੀ ਨਾ ਸਮਝੂੰ,
ਪਤਾ ਹੀ ਨਹੀਂ ਚਲਾ।

ਦਿਲ ਕਹਿੰਦਾ ਜਵਾਨ ਹੂੰ,
ਉਮਰ ਕਹਿੰਦੀ ਨਦਾਨ ਹੂੰ,
ਇਸ ਚੱਕਰ ਵਿੱਚ ਗੋਢੇ ਘੱਸ ਗਏ
ਪਤਾ ਹੀ ਨਹੀਂ ਚਲਾ।
ਉੱਡ ਗਏ ਬਾਲ, ਲਟਕ ਗਏ ਗਾਲ਼
ਲੱਗ ਗਿਆ ਚਸ਼ਮਾ,ਕਦੋਂ ਬਦਲੀ ਸੂਰਤ,
ਪਤਾ ਹੀ ਨਹੀਂ ਚਲਾ।

ਸਮਾਂ ਬਦਲਾ, ਬਦਲੇ ਮਿੱਤਰ,
ਕਿੰਨੇ ਛੁੱਟ ਗਏ, ਕਿੰਨੇ ਰਹਿ ਗਏ,
ਬਹੂ ਜ਼ਮਾਈ ਨਾਤੇ ਪੋਤੇ,
ਖੁਸ਼ੀਆ ਆਈ,
ਕਦੋਂ ਬਣ ਗਏ ਸੀਨੀਅਰ,
ਪਤਾ ਹੀ ਨਹੀਂ ਚਲਾ।

ਜੀ ਭਰ ਕੇ ਜੀਅ ਲੈ ਪਿਆਰੇ ,
ਖਾਹ,ਲੈ ਪੀ ਲੈ,ਐਸ਼ ਉਡਾ ਲੈ
ਘੁੰਮ ਲੈ ਫਿਰ ਲੈ
ਰੱਬ ਨੂੰ ਧਿਆ ਲੈ
ਫਿਰ ਨਾ ਕਹਿਣਾ ,
ਪਤਾ ਹੀ ਨਹੀਂ ਚਲਾ

## .ਗਜ਼ਲ

ਪਰਦੇਸਾਂ ਵਿਚ ਘੁੰਮੀਏਂ ਖ਼ੂਬ ਨਜ਼ਾਰੇ ਵਿਚ।
ਐਪਰ ਆਪਾਂ ਰਹਿਣਾ ਪਿੰਡ, ਚੁਬਾਰੇ ਵਿਚ।
ਅਜ ਵੀ ਮੈਨੂੰ ਮੇਰਾ ਬਚਪਨ ਦਿਸਦਾ ਹੈ,
ਸ਼ਾਮ ਢਲੇ ਨੂੰ ਚੜ੍ਹਦੇ ਪ੍ਰਥਮ ਸਿਤਾਰੇ ਵਿਚ।
ਦਾਦੀ ਮਾਂ ਫਿਰ ਚੇਤੇ ਕਿਉਂ ਆ ਜਾਂਦੀ ਹੈ,
ਚੁੱਲ੍ਹੇ ਦੇ ਵਿਚ ਉਠਦੇ ਸੁਰਖ਼ ਸ਼ਰਾਰੇ ਵਿਚ।
ਹੱਥ ਹਿਲਾ ਕੇ ਉਹ ਤਾਂ ਵਾਪਸ ਤੁਰ ਜਾਂਦਾ,
ਕਿੰਨੇ ਦੇ ਜਾਂਦਾ ਸੀ ਜ਼ਖ਼ਮ ਇਸ਼ਾਰੇ ਵਿਚ।
ਮਜ਼ਬੂਰੀ ਵੀ ਚਿਹਰੇ ਤੇ ਆ ਜਾਂਦੀ ਹੈ,
ਸੱਚਾ ਲਾਰਾ ਹੁੰਦਾ ਝੂਠੇ ਲਾਰੇ ਵਿਚ।
ਇਸ ਤੋਂ ਵਧ ਕੇ ਜੰਨਤ ਹੋਰ ਕਿਤੇ ਵੀ ਨਈਂ,
ਅਪਣਾਪਣ ਹੈ ਆਪਣੇ ਰਾਜਦੁਲਾਰੇ ਵਿਚ।
ਸ਼ਾਮ ਢਲੇ ਨੂੰ ਮਿਲ ਕੇ ਟੱਬਰ ਬਹਿੰਦਾ ਸੀ,
ਸੰਤੋਖ ਬੜਾ ਹੁੰਦਾ ਸੀ ਕੱਚੇ ਢਾਰੇ ਵਿਚ।
ਸਾਡੇ ਪਿੰਡ ਵਿਚ ਸਾਂਝਾਂ ਵਾਲਾ ਧਰਮ ਰਿਹਾ,
ਮੰਦਿਰ, ਮਸਜਿਦ,ਗਿਰਜੇ, ਗੁਰਦੁਆਰੇ ਵਿਚ।
ਹਰਇਕ ਰਿਸ਼ਤੇ ਦੇ ਵਿਚ ਨਿਘ ਹੀ ਨਿਘ ਹੁੰਦਾ,
ਚਾਰ ਪਸ਼ੂ ਹੁੰਦੇ ਸੀ ਸਿਰਫ਼ ਗੁਜ਼ਾਰੇ ਵਿਚ।
ਕੇਵਲ ਸੱਤਾ ਬਦਲੀ, ਬਾਕੀ ਉਂਜ ਹੀ ਹੈ,
ਜੋ ਹੋਇਆ ਸੰਤਾਲੀ ਦੇ ਬਟਵਾਰੇ ਵਿਚ।
ਦੂਜੇ ਨੂੰ ਨਿਰਧਨ ਤੋਂ ਰਾਜਾ ਕਰ ਦੇਣਾ,
ਬਾਲਮ, ਜਿੱਤ ਹੁੰਦੀ ਏ, ਜਿੱਤ ਕੇ ਸਾਰੇ ਵਿਚ।

**-ਬਲਵਿੰਦਰ ਬਾਲਮ**


ਵੈਨਕੂਵਰ ਵਿੱਚ ਸਵੀਟ ਕਿੰਗ ਵਜੋਂ ਜਾਣਿਆ ਜਾਂਦਾ

**ਪੰਜਾਬ ਸਵੀਟ ਹਾਊਸ**

ਜਿੱਥੇ ਇੰਡੀਆ ਵਰਗੀ ਸਵਾਦ ਮਠਿਆਈ, ਲੱਡੂ, ਗਰਮਾ-ਗਰਮ ਜਲੇਬੀਆਂ ਅਤੇ ਭਾਂਤ-ਭਾਂਤ ਦੇ ਨਮਕੀਨ ਹਰ ਸਮੇਂ ਤਿਆਰ ਮਿਲਦੇ ਹਨ।

ਸਾਨੂੰ ਇੱਕ ਮਠਿਆਈਆਂ ਬਣਾਉਣ ਲਈ ਤਜਰਬੇਕਾਰ ਹਲਵਾਈ ਦੀ ਲੋੜ ਹੈ ਜਿਸ ਕੋਲ ਘਟੋ ਘਟ 5 ਸਾਲ ਦਾ ਤਜਰਬਾ ਹੋਵੇ।

WE NEED AN EXPERIENCED SWEETMAKER, WHICH ATLEAST HAVE 5 YEARS OF EXPERIENCE



ਗੁਰਦੁਆਰਾ ਸਾਹਿਬ, ਜਨਮ ਦਿਨ, ਵਿਆਹ ਸ਼ਾਦੀ ਦੀਆਂ ਪਾਰਟੀਆਂ ਲਈ ਖਾਸ ਡਿਸਕਾਊਂਟ ਵਧੀਆ ਸੇਵਾਂਵਾ ਲਈ ਫੋਨ ਕਰੋ

*2 Locations to Serve you*

#4-12818-72 Ave., Surrey, BC
**604-591-7611**

#8A-31205 Old Yale Rd., Abbotsford, BC
**604-504-1761**



Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

**778 835 8455**

#201-13049 76th Avenue, Surrey BC V3W2V7
www.rainalaw.com Email : craina@rainalaw.com




# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਮਹਾਨ ਨਗਰ ਕੀਰਤਨ

**4 ਸਤੰਬਰ ਦਿਨ ਐਤਵਾਰ ਨੂੰ**

**ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 418ਵੇਂ ਪਹਿਲੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਟਸਫੋਰਡ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਏ ਜਾਣਗੇ ਅਤੇ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਵੱਖ ਵੱਖ ਜੱਥੇ ਕਥਾ, ਕੀਰਤਨ ਅਤੇ ਢਾਢੀ ਵਾਰਾਂ ਨਾਲ ਨਿਹਾਲ ਕਰਨਗੇ।**

**ਸਮੂਹ ਸੰਗਤਾਂ ਨੂੰ ਬੇਨਤੀ ਹੈ ਜੀ ਵੱਧ ਵੱਧ ਤੋਂ ਹਾਜ਼ਰੀਆਂ ਭਰਕੇ ਲਾਹਾ ਪ੍ਰਾਪਤ ਕਰੋ ਜੀ**

**ਨੋਟ: 3 ਸਤੰਬਰ, ਦਿਨ ਸ਼ਨੀਵਾਰ ਨੂੰ ਸਵੇਰੇ 8 ਵਜੇ ਗੁਰਦਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਣਗੇ ਜੀ ਸਮੂਹ ਅੰਮ੍ਰਿਤ ਅਭਿਲਾਸ਼ੀ ਆਪਣੇ ਨਾਮ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਸਿੰਘਾਂ ਪਾਸ ਦਰਜ ਕਰਵਾਉਣ ਜੀ**

**ਨੋਟ:**

**ਆਉਣ ਵਾਲੀ ਸਾਧ ਸੰਗਤ ਇਹਨਾਂ ਥਾਵਾਂ ਤੇ ਆਪਣੀਆਂ ਗੱਡੀਆਂ ਅਤੇ ਕਾਰਾਂ ਪਾਰਕ ਸਕਦੀਆਂ ਹਨ।**

- **Dave Kandal Elementary School.**
- **Harry Sayers Elementary School.**
- **Rick Hansen Secondary School.**
- **Eugene Reimer Middle School.**
- **Church in the Front of Kalgihar Gurdwara sahib.**

**ਕ੍ਰਿਪਾ ਕਰਕੇ ਆਪਣੇ ਵਹੀਕਲ ਨੂੰ ਲੌਕ ਕਾ ਲਾ ਕੇ ਜਾਉ ਜੀ।**

## ਇਸ ਸਾਲ ਨਗਰ ਕੀਰਤਨ ਦਾ ਇਹ ਰੂਟ ਹੋਵੇਗਾ ਜੀ

## NOTICE OF ROAD CLOSURES

**FOR NAGAR KIRTAN PROCESSION**
**SUNDAY, September 4, 2022 9:00AM - 5:00PM**

**Please use alternate routes to and from the Procession Area during this time. Please refer to map for exact route.**

**Blueridge Drive**
**Townline Road**
**Southern Drive**
**Sandpiper Drive**
**Goldfinch Drive**

Cars parked in designated no-parking zones, on sidewalks, cul-de-sacs, boulevards, in front of or within 1.5m of a driveway, within 5m of a fire hydrant, or in contravention of the City's Street and Traffic Bylaw (Bylaw No.1536-2006), may be ticketed and/or towed at the owner's expense.

Please be advised that during the event, bus service in the area will be disrupted. A map of scheduled bus re-routing is available through the Central Fraser Valley Transit website at **www.bctransit.com/central-fraser-valley**

Road closures are in effect from 9:00am-5:00pm, however are expected to be about 2 hours for specific locations.

Please follow signs, obey traffic control in the area and respect private property along the procession route.

**Thank you for your patience and cooperation.**

ਨਗਰ ਕੀਰਤਨ ਪ੍ਰੋਸੈਸ਼ਨ ਰੂਟ **PROCESSION ROUTE**




| ਹੋਰ ਜਾਣਕਾਰੀ ਲਈ | ਗੁਰਦੁਆਰਾ ਸਾਹਿਬ | ਬਲਬੀਰ ਸਿੰਘ ਬਨਵੈਤ(ਪ੍ਰਧਾਨ) | ਮਨਜੀਤ ਸਿੰਘ ਗਰੇਵਾਲ (ਸਕੱਤਰ) | ਜਸਪਾਲ ਸਿੰਘ ਗਿੱਲ (ਰਿਕਾਰਡਿੰਗ ਸਕੱਤਰ) |
|---|---|---|---|---|
| ਸੰਪਰਕ ਨੰਬਰ: | 604 504 5530 | 778 636 4247 | 778 908 1570 | 604 856 1131 |


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ





# Dev Bros

**Custom Tailoring**

'ਦੇਵ ਬ੍ਰਦਰਜ' ਕੋਟਕਪੂਰਾ ਵਾਲਿਆਂ ਦਾ
ਨਵਾਂ ਸਟੋਰ ਹੁਣ ਐਬਟਸਫੋਰਡ 'ਚ

**We Specialize In**

*Men's & Women's Clothing *Custom Tailoring,
*Source of Bridal Wear *Party Dresses,
*Punjabi Suits For Fashion Freaks

ਤੁਸੀਂ ਇਥੋਂ ਮਰਦਾਂ ਦੇ ਸੂਟ, Groom Wedding Dress,
ਕੁਰਤੇ ਪਜਾਮੇ, ਲੇਡੀਜ਼ ਸੂਟ, Bride Wedding
Dress latest ਡਿਜਾਈਨਾਂ ਵਿਚ ਖਰੀਦ ਸਕਦੇ ਹੋ
ਹੁਣ ਨਵੀਂ ਲੁਕੇਸ਼ਨ ਤੇ ਮੂਵ ਹੋ ਚੁੱਕੇ ਹਨ

**Phone:604-880-8434**

Shifted to New Location

#117, 1779 Clearbook Road, Abbotsford




# PEACE FURNITURE

**For The Peace Of Your Mind**








ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

**#A/B/C 7967-128St, Surrey, BC V3W 4E7**

Email:sales@peacefurnituire.ca Web:www.peacefurniture.ca